
# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 5 ਸਾਲ ਸੱਤਵਾਂ ਮਈ, 1995

ਰਾਗ ਨਾਦ
ਸਬਦਿ ਸੋਹਣੇ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ

ਅੰਕ 5 ਸਾਲ ਸੱਤਵਾਂ ਮਈ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 772660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਕਿਨਿ ਬਿਧਿ ਕੀਰਤਨ ਗਾਇ ਜੀਉ 1
—ਪ੍ਰੋ. ਪਰਮਜੋਤ ਸਿੰਘ

2] ਗੁਰਬਾਣੀ ਕੀਰਤਨ ਅਤੇ ਫ਼ਿਲਮੀ ਤਰਜ਼ 9
—ਗਿਆਨੀ ਸੁਰਜੀਤ ਸਿੰਘ

3] ਕੈਸੇਟ ਸਮੀਖਿਆ 14
—ਹਰਚਰਨ ਸਿੰਘ

5] ਤੁਹਾਡੇ ਪੱਤਰ 23

4] ਰਾਗ ਬਿਲਾਵਲੁ 26

6] ਬਾਣੀ ਸਾਡੇ ਹਿਰਦੇ ਤੇ ਲਿਖੀ ਹੋਈ ਹੈ (ਮੁਲਾਕਾਤ) 31
—ਰਘਬੀਰ ਸਿੰਘ ਨਵੀਨ

**ਮੁਫਤ**

ਦੋ ਸਾਲ ਦਾ ਚੰਦਾ ਇਕੱਠਾ ਭੇਜਣ ਤੇ 50/- ਰੁ: ਦੀਆਂ ਪੁਸਤਕਾਂ/ਰਸਾਲੇ ਮੁਫਤ ਦਿਤੇ ਜਾਣਗੇ ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਕਿਨਿ ਬਿਧਿ ਕੀਰਤਨ ਗਾਇ ਜੀਉ ?

—ਪਰਮਜੀਤ ਸਿੰਘ, ਸਵੱਰ ਸਮੁੰਦ,
ਕਾਲਜ ਰੋਡ, ਮੁਲਾਂਪੁਰ (ਲੁਧਿਆਣਾ)

ਗੁਰੂ ਸਾਹਿਬ ਜੀ ਦੀ ਅਪਾਰ ਕ੍ਰਿਪਾ ਦੁਆਰਾ ਬਚਪਨ ਤੋਂ ਹੀ ਮੈਨੂੰ ਕੀਰਤਨ ਸੁਣਨ ਤੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਕੀਰਤਨ ਦੀ ਗੁੜਤੀ ਮੈਨੂੰ ਆਪਣੇ ਪਿਤਾ ਜੀ ਤੋਂ ਵਿਰਸੇ ਵਿਚੋਂ ਮਿਲੀ। ਘਰ ਤੇ ਪਰਿਵਾਰ ਦੇ ਵਾਤਾਵਰਣ ਨੇ ਮੈਨੂੰ ਸਵਰਾਂ ਨਾਲ ਜੋੜ ਲਿਆ। ਉਨ੍ਹਾਂ ਹੀ ਸਵਰਾਂ ਤੇ ਧੁਨੀਆਂ ਵਿਚ ਪਰੋਏ ਹੋਏ ਸ਼ਬਦ ਮਸਤੀ ਤੇ ਅਨੰਦ ਬਖਸ਼ਦੇ।

ਸੁਰਤ ਸੰਭਾਲਣ ਤੇ ਮੈਨੂੰ ਪ੍ਰਸਿਧ ਕੀਰਤਨੀਆਂ ਨੂੰ ਸਨਮੁਖ ਬੈਠ ਕੇ ਸੁਨਣ ਦਾ ਮੌਕਾ ਮਿਲਿਆ ਜਿਨ੍ਹਾਂ ਵਿਚੋਂ ਭਾਈ ਸੁੱਧ ਸਿੰਘ, ਪ੍ਰਧਾਨ ਸਿੰਘ, ਭਾਈ ਸਮੁੰਦ ਸਿੰਘ, ਸੰਤ ਸੁਜਾਨ ਸਿੰਘ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਗੁਰਚਰਨ ਸਿੰਘ ਅਵਤਾਰ ਸਿੰਘ, ਭਾਈ ਸੰਤਾ ਸਿੰਘ ਚਮਕ, ਭਾਈ ਧਰਮ ਸਿੰਘ ਜ਼ਖਮੀ, ਭਾਈ ਜੱਸਾ ਸਿੰਘ ਪਾਲਾ ਸਿੰਘ (ਰਬਾਬੀ), ਭਾਈ ਮਿਹਰ ਸਿੰਘ ਤਾਨ, ਭਾਈ ਬਖਸ਼ੀਸ਼ ਸਿੰਘ ਆਦਿ। ਕੀਰਤਨ ਸੁਣਨ ਸਮੇਂ ਅਕਸਰ ਇਹ ਮਹਿਸੂਸ ਹੁੰਦਾ ਕਿ ਕੀਰਤਨ ਤਾਂ ਇਹ ਸਾਰੇ ਰਾਗੀ ਸਿੰਘ ਕਰਦੇ ਹਨ ਪਰ ਇਨ੍ਹਾਂ ਦੀਆਂ ਗਾਇਨ-ਸ਼ੈਲੀਆਂ ਇਕ ਦੂਸਰੇ ਨਾਲੋਂ ਬਿਲਕੁਲ ਭਿੰਨ-ਭਿੰਨ ਤੇ ਵੱਖਰੀ ਪਛਾਣ ਰਖਦੀਆਂ ਹਨ। ਕਿਸੇ ਵਿਚ ਰਾਗ ਦੀ, ਕਿਸੇ ਵਿਚ ਸ਼ਬਦ ਦੀ, ਕਿਸੇ ਵਿਚ ਪ੍ਰਮਾਣਾਂ ਦੀ, ਕਿਸੇ ਵਿਚ ਸਾਜ਼ ਦੀ ਪ੍ਰਧਾਨਤਾ ਦੇਖਣ-ਸੁਣਨ ਵਿਚ ਆਈ। ਕਈ ਵਾਰ ਮੇਰੇ ਮਨ ਵਿਚ ਇਹ ਵਿਚਾਰ ਪੈਦਾ ਹੁੰਦੇ ਕਿ ਗੁਰੂ-ਘਰ ਵਿਚ ਕਿਸ ਕਿਸਮ ਦਾ ਕੀਰਤਨ ਪ੍ਰਵਾਨ ਹੋਵੇਗਾ, ਕਿਹੜੀ ਵਿਧੀ ਪ੍ਰਚਲਤ ਹੋਵੇ ਜਿਸ ਨੂੰ ਅਪਣਾਇਆ ਤੇ ਸਰਵ- ਪ੍ਰਮਾਣਿਤ ਹੋ ਸਕੇ। ਇਕ ਦਿਨ ਪਾਠ ਕਰਦਿਆਂ ਇਹ ਤੁੱਕ 'ਕਿਨਿ ਬਿਧਿ ਕੀਰਤਨ ਗਾਇ ਜੀਉ' ਪ੍ਰਸ਼ਨ ਰੂਪ ਵਿਚ ਦ੍ਰਿਸ਼ਟੀਗੋਚਰ ਹੋਈ। ਇਹ ਤੁੱਕ ਰਾਗ ਮਾਝ ਪੰਨਾ 131 ਤੇ ਵਿਦਮਾਨ ਹੈ। ਜਿਸ ਨੇ ਮੇਰੇ ਸ਼ੰਕੇ ਦੀ ਨਵਿਰਤੀ ਕਰ, ਮੈਨੂੰ ਇਹ ਵਿਚਾਰ ਸਾਂਝੇ ਕਰਨ ਲਈ ਪ੍ਰੇਰਿਤ ਕੀਤਾ।

ਸਭ ਤੋਂ ਪਹਿਲਾਂ ਆਪਾਂ ਸਮੇਂ ਸਮੇਂ ਪ੍ਰਚਲਤ ਭਿੰਨ ਭਿੰਨ ਕੀਰਤਨ-ਪੱਧਤੀਆਂ ਦਾ ਵਿਵੇਚਨ ਕਰਦੇ ਹਾਂ ਜਿਨ੍ਹਾਂ ਨੂੰ ਅਨੇਕਾਂ ਕੀਰਤਨੀਆਂ ਨੇ ਅਪਣਾਇਆ।

## (1) ਪਰੰਪਰਾਵਾਦੀ ਕੀਰਤਨ-ਪੱਧਤੀ:-

ਇਸ ਕੀਰਤਨ ਪੱਧਤੀ ਦਾ ਧੁਰਾ ਅਸੀਂ ਸ੍ਰੀ ਹਰਿਮੰਦਰ ਸਾਹਿਬ ਨੂੰ ਮੰਨਦੇ ਹਾਂ। ਇਹ ਇਕ ਐਸਾ ਅਸਥਾਨ ਹੈ ਜਿਥੇ ਗੁਰੂ-ਆਸ਼ੇ ਤੇ ਮਰਿਆਦਾ-ਬੱਧ ਤੌਰ ਤੇ ਕੀਰਤਨ

ਹੁੰਦਾ ਹੈ। ਇਸ ਮਰਿਆਦਾ ਦੇ ਮੋਢੀ ਭਾਈ ਮਨੀ ਸਿੰਘ ਜੀ ਮੰਨੇ ਜਾਂਦੇ ਹਨ। ਇਸ ਮਰਿਆਦਾ ਅਧੀਨ ਕੀਰਤਨ ਚਾਰ ਚਉਕੀਆਂ ਰਾਹੀਂ ਹੁੰਦਾ ਹੈ। ਆਸਾ ਜੀ ਦੀ ਵਾਰ ਦੀ ਚਉਕੀ ਵਿਚ ਛੰਤ, ਸਲੋਕ ਤੇ ਪਉੜੀ ਲਾਉਣ ਦਾ ਢੰਗ ਆਪਣੇ-ਆਪ ਵਿਚ ਨਿਵੇਕਲਾ ਤੇ ਵਿਲੱਖਣ ਹੈ। ਉਸ ਤੋਂ ਉਪਰੰਤ ਬਿਲਾਵਲ, ਸ਼ਾਮ ਨੂੰ ਸੋਦਰ ਤੇ ਰਾਤ ਨੂੰ ਕਲਿਆਣ ਰਾਗ ਦੀ ਚਉਕੀ ਕੀਰਤਨ-ਪ੍ਰੇਮੀਆਂ ਨੂੰ ਅਨੂਠਾ ਰਸ ਪ੍ਰਦਾਨ ਕਰਦੀ ਹੈ।

ਚਉਕੀ ਚਾਰ ਸੰਗੀਤ-ਪ੍ਰਬੰਧਾਂ ਤੇ ਅਧਾਰਿਤ ਹੈ। ਪਹਿਲਾਂ ਮੰਗਲਾਚਰਨ ਫਿਰ ਵੱਡੇ ਤਾਲ ਵਿਚ ਗਾਈ ਧਰੁਪਦ-ਧਮਾਰ ਸ਼ੈਲੀ ਦੀ ਬੰਦਸ਼ ਫਿਰ ਸੁਗਮ ਰੀਤ ਤੇ ਅੰਤ ਵਿਚ ਵਾਰ ਦੀ ਪਉੜੀ ਨਾਲ ਚਉਕੀ ਨੂੰ ਸਮਾਪਤ ਕੀਤਾ ਜਾਂਦਾ ਹੈ।

ਰੁਤਾਂ ਦੇ ਬਦਲਣ ਨਾਲ ਹਰਿਮੰਦਰ ਦਾ ਕੀਰਤਨ ਹੋਰ ਵੀ ਰਾਗਮਈ ਹੋ ਜਾਂਦਾ ਹੈ। ਬਸੰਤ ਰਾਗ ਦਾ ਕੀਰਤਨ ਮਾਘੀ ਵਾਲੇ ਦਿਨ ਤੋਂ ਆਰੰਭ ਹੋ ਜਾਂਦਾ ਹੈ। ਸਾਵਣ ਤੇ ਭਾਦੋਂ ਮਹੀਨੇ ਵਿਚ ਮਲਾਰ ਰਾਗ ਛਾਇਆ ਰਹਿੰਦਾ ਹੈ। ਇਸ ਪਰੰਪਰਾਵਾਦੀ ਕੀਰਤਨ-ਪੱਧਤੀ ਨੇ ਸ੍ਰੀ ਗੁਰੂ ਗਰੰਥ ਸਾਹਬ ਵਿਚ ਦਰਜ ਰਾਗਾਂ ਤਾਲਾਂ-ਪੜਤਾਲਾਂ, ਵਾਰਾਂ ਦੇ ਧੁਨੀਆਂ ਨੂੰ ਮੌਲਿਕ ਸ਼ੈਲੀ ਵਜੋਂ ਅਪਣਾਇਆ ਹੈ। ਇਹ ਪੱਧਤੀ ਆਪਣ ਆਪ ਵਿਚ ਸਾਡਾ ਵੱਡਮੁਲਾ ਤੇ ਅਮੋਲਕ ਖਜ਼ਾਨਾ ਸਮੋਈ ਬੈਠੀ ਹੈ।

## (2) ਵਿਆਖਿਆ-ਪ੍ਰਧਾਨ ਕੀਰਤਨ -

ਭਾਈ ਵੀਰ ਸਿੰਘ ਅਨੁਸਾਰ ਸੰਗਤ ਵਿਚ ਕਥੌਨੀ ਕੀਰਤਨ (ਕਥਾ ਦੇ ਰੂਪ ਵਿਚ ਬਿਆਨ ਕੀਤੇ ਜਾਣ ਵਾਲਾ ਕੀਰਤਨ) ਪ੍ਰਚਲਿਤ ਹੋਇਆ ਇਸ ਪ੍ਰਕਾਰ ਦੇ ਕੀਰਤਨ ਵਿਚ ਇਕ ਇਕ ਤੁਕ ਦੀ ਵਿਆਖਿਆ ਸਾਖੀਆਂ, ਪ੍ਰਮਾਣਾਂ, ਇਤਿਹਾਸਕ ਹਵਾਲਿਆਂ ਤੇ ਦੁਨਿ-ਆਵੀ ਮਿਸਾਲਾਂ ਦੇ ਕੇ ਗੁਰਬਾਣੀ ਦੇ ਭਾਵ ਨੂੰ ਉਜਾਗਰ ਕਰਨ ਤੇ ਜ਼ੋਰ ਦਿਤਾ ਜਾਂਦਾ ਹੈ। ਇਸ ਪ੍ਰਕਾਰ ਦੇ ਕੀਰਤਨ ਦੌਰਾਨ ਰਾਗੀ ਸਿੰਘ ਕੀਰਤਨ ਥੋੜਾ ਤੇ ਵਿਆਖਿਆ ਤੇ ਜ਼ਿਆਦਾ ਸਮਾਂ ਲਗਾਉਂਦੇ ਹਨ। ਪੁਰਾਤਨ ਰਾਗੀਆਂ ਵਿਚੋਂ ਭਾਈ ਹੀਰਾ ਸਿੰਘ ਜੀ ਤੇ ਸੰਤ ਸੁਜਾਨ ਸਿੰਘ ਇਸ ਪ੍ਰਕਾਰ ਦਾ ਕੀਰਤਨ ਕਰਿਆ ਕਰਦੇ ਸਨ। ਉਨ੍ਹਾਂ ਦੀ ਪ੍ਰਸਿਧਤਾ ਇਸੇ ਕੀਰਤਨ-ਸ਼ੈਲੀ ਕਰਕੇ ਸੀ। ਇਕ ਵਾਰ ਭਾਈ ਹੀਰਾ ਸਿੰਘ ਨੂੰ ਐਸ. ਐਸ. ਅਮੋਲ ਨੇ ਪ੍ਰਸ਼ਨ ਕੀਤਾ, ਭਾਈ ਸਾਹਿਬ ! ਤੁਸੀਂ ਸ਼ਬਦ ਦੀ ਏਨੀ ਲੰਮੀ ਵਿਆਖਿਆ ਕਰਦੇ ਹੋ ਤਾਂ ਕੀਰਤਨ ਦਾ ਰਸ ਲੈਣ ਵਾਲੇ ਸਰੋਤੇ ਤਾਂ ਕਾਫੀ ਘਾਟ ਮਹਿਸੂਸ ਕਰਦੇ ਹੋਣਗੇ। ਉਨ੍ਹਾਂ ਉਤਰ ਦਿਤਾ ਬਾਣੀ ਸਮਝਾਉਣ ਜਾਂ ਬਾਣੀ ਦੇ ਭਾਵ ਨੂੰ ਹੋਰ ਦ੍ਰਿੜ ਕਰਵਾਉਣ ਲਈ ਹੀ ਮੈਂ ਵਿਆਖਿਆ ਕਰਦਾ ਹਾਂ ਤੇ ਗੁਰ ਇਤਿਹਾਸ ਸੁਣਾਉਂਦਾ ਹਾਂ ਜੇ ਇਹ ਵਿਆਖਿਆ ਉਨ੍ਹਾਂ ਨੂੰ ਚੰਗੀ ਨਾ ਲਗਦੀ ਹੋਵੇ ਤਾਂ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਕਿਉਂ ਇਕੱਤਰ ਹੋਈਆਂ ਜੁੜੀਆਂ ਰਹਿੰਦੀਆਂ ਹਨ। ਇਸ ਸ਼ੈਲੀ ਨੂੰ ਭਾਈ ਹਰਬੰਸ ਸਿੰਘ (ਜਗਾਧਰੀ ਵਾਲੇ) ਭਾਈ ਬਲਵਿੰਦਰ ਸਿੰਘ ਰੰਗੀਲਾ ਤੇ ਭਾਈ ਜਸਬੀਰ ਸਿੰਘ ਜੋਸ਼ੀ ਅਪਣਾ ਰਹੇ ਹਨ।

## (3) ਪ੍ਰਮਾਣ-ਪ੍ਰਧਾਨ ਕੀਰਤਨ-ਪੱਧਤੀ -

ਗੁਰਬਾਣੀ ਦੀ ਇਕ ਤੁਕ ਨੂੰ ਆਧਾਰ ਬਣਾ ਕੇ ਉਸ ਵਿਚਲੇ ਵਿਸ਼ੇ ਤੇ ਗੁਰਬਾਣੀ ਵਿਚੋਂ ਪ੍ਰਮਾਣ ਦੇ ਕੇ ਕੀਰਤਨ ਕਰਨ ਨੂੰ ਇਸ ਵਿਧੀ ਹੇਠ ਲਿਆਂਦਾ ਜਾਂਦਾ ਹੈ। ਇਹ ਮਰਿਆਦਾ ਵੀ ਬਹੁਤ ਪ੍ਰਚਲਤ ਹ ਰਹੀ ਹੈ। ਇਸ ਢੰਗ ਦੇ ਕੀਰਤਨ ਕਰਨ ਦੀ ਪ੍ਰਥਾ ਦੇ ਮੋਢੀ ਰਬਾਬੀ ਭਾਈ ਚਾਂਦ ਜੀ ਸਨ। ਉਹ ਕੀਰਤਨ ਕਰਦੇ ਸਮੇਂ ਅਨੇਕਾਂ ਹੀ ਪ੍ਰਮਾਣਾ ਦੀ ਝੜੀ ਲਾ ਦਿੰਦੇ ਤੇ ਸੰਗਤਾਂ ਅਡੋਲ ਬੈਠੀਆਂ ਉਨ੍ਹਾਂ ਦਾ ਕੀਰਤਨ ਸੁਣਦੀਆਂ ਰਹਿੰਦੀਆਂ। ਅੱਜਕਲ੍ਹ ਬਹੁਤ ਸਾਰੇ ਰਾਗੀ ਇਸ ਢੰਗ ਨੂੰ ਅਪਣਾ ਰਹੇ ਹਨ। ਪ੍ਰੋ: ਦਰਸ਼ਨ ਸਿਘ ਇਸੇ ਪ੍ਰਕਾਰ ਦੇ ਕੀਰਤਨ ਕਰਕੇ ਸਤਿਕਾਰੇ ਜਾਂਦੇ ਹਨ।

## (4) ਅਖੰਡ-ਕੀਰਤਨ-ਪੱਧਤੀ -

ਇਹ ਪਰਿਪਾਟੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਰੰਭੀ। ਜਿਸ ਵਿਚ ਨਿਰੋਲ ਗੁਰਬਾਣੀ ਦੇ ਸ਼ਬਦਾਂ ਦੀਆਂ ਤੁਕਾਂ ਨੂੰ ਬਾਰ ਬਾਰ ਦੁਹਰਾ ਕੇ ਤੇ ਗੁਰਮੰਤਰ ਦਾ ਅਭਿਆਸ ਕਰਵਾਂ ਕੇ ਸਧਾਰਨ ਰੀਤ ਵਿਚ ਗਾਇਆ ਜਾਂਦਾ ਹੈ। ਇਕ-ਰਸ ਇਕ-ਅਨੰਦ ਵਿਚ ਸਾਰੀਆਂ ਸੰਗਤਾਂ ਜੁੜ ਜਾਂਦੀਆਂ ਹਨ। ਗੁਰਬਾਣੀ ਦੇ ਰਸੀਏ ਇਲਾਹੀ ਸਰੂਰ ਦਾ ਰਸ ਮਾਣਦੇ ਹੋਏ ਇਹਦੇ ਵਿਚ ਸਰਸ਼ਾਰ ਹੋ ਜਾਂਦੇ ਹਨ। ਇਸ ਪਰਿਪਾਟੀ ਨੇ ਅਨੇਕਾਂ ਨਾਮ-ਰਸੀਏ ਪੈਦਾ ਕੀਤੇ ਤੇ ਰੈਣ ਸਬਾਈ ਕੀਰਤਨ-ਸਮਾਗਮ ਦੀ ਪਰਿਪਾਟੀ ਤੋਰੀ। ਇਥ ਇਹ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਕ ਵਾਰ ਭਾਈ ਰਣਧੀਰ ਸਿੰਘ ਜੀ ਕੀਰਤਨ ਕਰ ਰਹੇ ਸਨ। ਉਨ੍ਹਾਂ ਨਾਲ ਤਬਲਾ ਵਜਾਉਣ ਵਾਲਾ ਰਾਗ ਵਿਦਿਆ ਵਿਚ ਪ੍ਰਬੀਨ ਸੀ। ਭਾਈ ਸਾਹਿਬ ਰਸ-ਮੁਗਧ ਹੋਏ ਘੰਟਿਆਂ-ਬੱਧੀ ਕੀਰਤਨ ਕਰੀ ਜਾ ਰਹੇ ਸਨ। ਜਦੋਂ ਕੀਰਤਨ ਦੀ ਸਮਾਪਤੀ ਹੋਈ ਤਾਂ ਤਬਲੇ ਵਾਲਾ ਕਹਿਣ ਲੱਗਾ, "ਅੱਜ ਬਿਲਾਵਲ ਰਾਗ ਵਿਚ ਜੋ ਕੀਰਤਨ ਸੁਣ ਕੇ ਅਨੰਦ ਆਇਆ ਹੈ ਉਹ ਕਦੀ ਨਹੀਂ ਆਇਆ"। ਇਹ ਗਲ ਸੁਣਕੇ ਜਥ ਦੇ ਸਿੰਘ ਜੋ ਰਾਗ ਸੰਗੀਤ ਤੋਂ ਅਣਜਾਣ ਸਨ ਸੋਚ ਕ ਹੈਰਾਨ ਹੋ ਗਏ ਉਨ੍ਹਾਂ ਦਾ ਕੀਰਤਨ ਰਾਗਮਈ ਕਿਵੇਂ ਹੋ ਗਿਆ ਜਦੋਂ ਕਿ ਉਨ੍ਹਾਂ ਨੂੰ ਰਾਗਾਂ ਦੀ ਕੋਈ ਸੋਝੀ ਨਹੀਂ। ਭਾਈ ਸਾਹਿਬ ਨੇ ਕਿਹਾ ਕਿ ਗੁਰੂ ਸਾਹਿਬ ਨੇ ਆਪ ਆਪਣੀ ਕਲਾ ਵਰਤਾਕੇ ਆਪ ਹੀ ਰਾਗ-ਬੱਧ ਕੀਰਤਨ ਕਰਵਾਇਆ ਹੈ।

## (5) ਸਾਜ਼-ਪ੍ਰਧਾਨ ਕੀਰਤਨ:-

ਕੀਰਤਨ ਕਰਨ ਵੇਲੇ ਜਦੋਂ ਸਾਜ਼ਾਂ ਦੀ ਆਵਾਜ਼ ਦੀ ਪ੍ਰਧਾਨਤਾ ਹੋਵੇ ਉਸਨੂੰ ਸਾਜ਼ ਪ੍ਰਧਾਨ ਕੀਰਤਨ ਕਿਹਾ ਜਾਂਦਾ ਹੈ। ਇਸ ਪ੍ਰਕਾਰ ਦੇ ਕੀਰਤਨ ਵਿਚ ਕੀਰਤਨੀਏ ਢੋਲਕੀ, ਛੈਣੇ, ਖੜਤਾਲਾਂ ਚਿਮਟੇ ਤੇ ਹੋਰ ਸਾਜ਼ਾਂ ਨਾਲ ਸਿਧੀਆਂ ਧਾਰਨਾਂ ਲਗਾ ਕੇ ਕੀਰਤਨ ਕਰਦੇ ਹਨ। ਆਮ ਤੌਰ ਤੇ ਅਜਿਹਾ ਕੀਰਤਨ ਸੰਤਾਂ ਦੇ ਡੇਰਿਆਂ ਤੇ, ਅਤੇ ਪੇਂਡੂ ਧਾਰਮਿਕ ਅਸਥਾਨਾਂ ਤੇ ਕਾਫੀ ਪ੍ਰਚਲਤ ਹੈ। ਇਸ ਪਰੰਪਰਾ ਅਧੀਨ ਸੰਤ ਅਤਰ ਸਿੰਘ ਜੀ ਮਸਤੂਆਣੇ

ਵਾਲੇ ਤੇ ਸੰਤ ਈਸ਼ਰ ਸਿੰਘ ਜੀ ਰਾੜੇ ਵਾਲਿਆਂ ਨੇ ਸੰਗਤਾਂ ਵਿਚ ਗੁਰਬਾਣੀ ਕੀਰਤਨ ਦੀਆ ਝੜੀਆਂ ਲਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

## (6) ਸਮੂਹਿਕ ਕੀਰਤਨ:-

ਇਸ ਸ਼ੈਲੀ ਅਧੀਨ ਕੀਰਤਨੀਏ ਸਮੂਹਕ ਰੂਪ ਵਿਚ ਸ਼ਬਦ ਕੀਰਤਨ ਕਰਦੇ ਹਨ ਜਿਸ ਵਿਚ ਸੁਰ, ਤਾਲ ਅਤੇ ਲੈਅ ਨੂੰ ਪ੍ਰਗਟਾਇਆ ਤਾਂ ਜਾਂਦਾ ਹੈ ਪਰ ਮਹਾਨਤਾ ਸ਼ਬਦ ਨੂੰ ਦਿਤੀ ਜਾਂਦੀ ਹੈ। ਇਸ ਦਾ ਮਨੋਰਥ ਸੰਗਤ ਵਿਚ ਸ਼ਬਦ ਦਾ ਰਸ ਲੈਣ ਲਈ ਜੁੜਨਾ ਹੈ। ਪ੍ਰਭਾਤ ਫੇਰੀਆਂ ਨਗਰ ਕੀਰਤਨ, ਸੋਦਰ, ਆਰਤੀ ਵੇਲੇ ਇਸ ਪੱਧਤੀ ਨੂੰ ਅਪਣਾਇਆ ਜਾਂਦਾ ਹੈ। ਅੱਜਕਲ੍ਹ ਇਸਤ੍ਰੀ ਸਤਿਸੰਗ ਸਭਾਵਾਂ, ਸੁਖਮਨੀ ਸਾਹਿਬ ਸੁਸਾਇਟੀਆਂ ਇਸ ਇਸ ਸ਼ੈਲੀ ਨੂੰ ਅਪਣਾ ਰਹੀਆਂ ਹਨ।

## (7) ਤਰਜ਼-ਪ੍ਰਧਾਨ ਕੀਰਤਨ:-

ਅਜਿਹੇ ਕੀਰਤਨ ਵਿਚ ਫਿਲਮੀ ਧੁਨਾਂ ਤੇ ਗਜ਼ਲ ਗਾਇਕੀ ਅੰਗ ਨੂੰ ਮਿਲਗੋਭਾ ਬਣਾ ਕੇ ਸ਼ਬਦ-ਗਾਇਨ ਕੀਤਾ ਜਾਂਦਾ ਹੈ। ਇਸ ਪ੍ਰਕਾਰ ਨਾਲ ਰਾਗੀ ਜਲਦੀ ਹਰਮਨ ਪਿਆਰੇ ਤਾਂ ਹੋ ਜਾਂਦੇ ਹਨ ਪਰ ਸਰੋਤਿਆ ਤੇ ਸਦੀਵੀ ਛਾਪ ਨਹੀਂ ਛੱਡ ਸਕਦੇ। ਇਹੋ ਜਿਹਾ ਕੀਰਤਨ ਵਿਵਹਾਇਕ ਮਾਇਕ ਤੇ ਫੋਕੀ ਸ਼ੁਹਰਤ ਦੇ ਪਖ ਤੋਂ ਅਪਣਾਇਆ ਜਾ ਜਾ ਰਿਹਾ ਹੈ। ਇਸ ਦੇ ਮੁਕਾਬਲੇ ਜਦੋਂ ਅਸੀਂ ਅੱਜ ਵੀ ਪੁਰਾਤਨ ਰਾਗ-ਬੱਧ ਰੀਤਾਂ ਸੁਣਦੇ ਹਾਂ ਜੋ ਸਾਡੇ ਮਨ ਦੀਆਂ ਗਹਿਰਾਈਆਂ ਤਕ ਧੱਸ ਕੇ ਰਸ ਪ੍ਰਧਾਨ ਕਰਦੀਆਂ ਹਨ ਉਨ੍ਹਾਂ ਸਾਹਮਣੇ ਇਹ ਨਵੀਨ ਤਰਜ਼ ਰੀਤਾਂ ਦਾ ਅਸਰ ਤੁੱਛ ਜਿਹਾ ਜਾਪਦਾ ਹੈ। ਭਾਈ ਸੰਤਾ ਸਿੰਘ ਤੇ ਭਾਈ ਬਖਸ਼ੀਸ਼ ਸਿੰਘ ਦੀਆਂ ਗਾਈਆਂ ਰੀਤਾਂ ਅਜ ਵੀ ਰਸ ਭਰਪੂਰ ਹਨ।

## (8) ਸ਼ਬਦ-ਰੀਤ ਪ੍ਰਧਾਨ ਕੀਰਤਨ :

ਅਜੋਕੇ ਸਮੇਂ ਵਿੱਚ ਬਹੁਤ ਸਾਰੇ ਕੀਰਤਨੀਏ ਰਾਗ-ਰੀਤ ਮਰਿਆਦਾ ਤੋਂ ਓਹਲੇ ਹੋ ਕੇ ਸ਼ਬਦ-ਰੀਤ ਪ੍ਰਧਾਨ ਪੱਧਤੀ ਨੂੰ ਅਪਣਾ ਰਹੇ ਹਨ। ਇਸ ਅਧੀਨ ਸ਼ਬਦ ਨੂੰ ਵੱਖ ਵੱਖ ਰੀਤਾਂ ਵਿੱਚ ਪਰੋਕੇ ਸੰਗਤਾਂ ਨੂੰ ਰਸ ਮੁਗਧ ਕੀਤਾ ਜਾਂਦਾ ਹੈ। ਇਸ ਪੱਧਤੀ ਰਾਹੀਂ ਨਵੀਨ ਸਾਜ਼ਾਂ ਦੀ ਵਰਤੋਂ ਕਰਕੇ ਲੈਅਬੱਧ ਰੂਪ ਵਿੱਚ ਤਾਂ ਕੀਰਤਨ ਕੀਤਾ ਜਾਂਦਾ ਹੈ ਪਰ ਪ੍ਰਧਾਨਤਾ ਸ਼ਬਦ-ਭਾਵ ਨੂੰ ਦਿਤੀ ਜਾਂਦੀ ਹੈ। ਕੀਰਤਨਏ ਦਆਰਾ ਉਚਾਰਿਆ ਸ਼ਬਦ ਆਮ ਸੰਗਤ ਨੂੰ ਸਮਝ ਆਉਂਦਾ ਹੈ ਸਿੱਟੇ ਵਜੋਂ ਸਰੋਤੇ ਦੀ ਸੁਰਤੀ ਸੁਭਾਵਿਕ ਸ਼ਬਦ ਨਾਲ ਮੇਲ ਖਾਂਦੀ ਹੈ। ਕੀਰਤਨ ਅਭਿਲਾਖੀ ਕੀਰਤਨ ਵਿੱਚ ਲੀਨ ਹੋ ਕੇ ਆਤਮਿਕ ਅਨੰਦ ਦੇ ਹੁਲਾਰੇ ਲੈਂਦੇ ਹਨ। ਅਨੇਕਾਂ ਕੀਰਤਨੀਏ ਇਸ ਪੱਧਤੀ ਰਾਹੀਂ ਗੁਰ-ਸ਼ਬਦ ਦਾ ਪ੍ਰਚਾਰ ਕਰ ਰਹੇ ਹਨ। ਭਾਈ ਸੁਰਜਨ ਸਿੰਘ, ਭਾਈ ਗੁਪਾਲ ਸਿੰਘ ਇਸ ਕੀਰਤਨ ਪੱਧਤੀ ਦੇ ਅੰਤਰਗਤ ਆਉਂਦੇ ਹਨ।

# ਰਾਗ-ਪ੍ਰਧਾਨ ਕੀਰਤਨ

ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਅੰਕਿਤ ਬਾਣੀ ਰਾਗ-ਰਤਨ-ਵਿਧਾਨ ਅੰਦਰ ਨਿਯਮਤ ਹੈ। ਗੁਰੂ ਸਾਹਿਬ ਦੀ ਰਾਗ-ਬੱਧ ਬਾਣੀ ਨਿਰਧਾਰਿਤ ਕਰਨਾ ਇੱਕ ਵਿਲੱਖਣ ਦੇਣ ਹੈ। ਇਸ ਵਿਲੱਖਣਤਾ ਦੀ ਮਹਾਨਤਾ ਨੂੰ ਗੁਰੂ ਸਾਹਿਬ ਨੇ ਥਾਂ ਥਾਂ ਪ੍ਰਗਟਾਇਆ ਹੈ ਵਾਰ ਰਾਮਕਲੀ ਵਿੱਚ ਗੁਰੂ ਸਾਹਿਬ ਇਸ ਦਾ ਸੰਕੇਤ ਦਿੰਦੇ ਹਨ : "ਧਨੁ ਸੁ ਰਾਗ ਸੁਰੰਗੜੇ, ਅਲਾਪਿਤ ਸਭ ਤਿਖ ਜਾਇ" ਇਸੇ ਤਰ੍ਹਾਂ ਇਕ ਥਾਂ ਹੋਰ ਦਰਸਾਇਆ ਹੈ।

'ਰਾਗ ਨਾਦ ਸਭ ਸਚੁ ਹੈ ਕੀਮਤ ਕਹੀ ਨਾ ਜਾਇ' ਸੋ ਰਾਗ ਦੀ ਪ੍ਰਧਾਨਤਾ ਨੂੰ ਮਹਿਸੂਸ ਕਰਦਿਆਂ ਹੋਇਆਂ ਕੁਝ ਕੁ ਪਰਪੱਕ ਰਾਗੀਆਂ ਨੇ ਇਸ ਪ੍ਰਕਾਰ ਦੇ ਕੀਰਤਨ ਨੂੰ ਤਰਜੀਹ ਦਿਤੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਰਚਿਤ ਬਾਣੀ ਨੂੰ ਉਸੇ ਰਾਗ ਵਿੱਚ ਗਾ ਕੇ ਆਪ ਵੀ ਅਨੰਦ ਮਾਣਦੇ ਹਨ ਤੇ ਸੰਗਤਾਂ ਨੂੰ ਵੀ ਅਨੰਦ-ਵਿਭੋਰ ਕਰਦੇ ਹਨ। ਜਦੋਂ ਸ਼ਬਦ ਨੂੰ ਰਾਗ ਵਿੱਚ ਮਰਿਆਦਾ-ਬੱਧ ਕਰਕੇ ਧੁਨੀ-ਪ੍ਰਬੰਧ ਅਨੁਸਾਰ ਗਾਇਆ ਜਾਂਦਾ ਹੈ ਤਾਂ ਮਨੁੱਖ ਮਨ ਦੀਆਂ ਤਰਬਾਂ ਲਰਜਿਤ ਹੋ ਜਾਂਦੀਆਂ ਹਨ। ਇਸੇ ਕਰਕੇ ਅੱਜ ਕਲ੍ਹ ਸੰਗਤਾਂ ਵਿੱਚ ਰਾਗ-ਪ੍ਰਧਾਨ ਕੀਰਤਨ ਪ੍ਰਚਲਤ ਹੋ ਰਿਹਾ ਹੈ। ਵਿਦਿਅਕ ਅਦਾਰਿਆਂ ਵਿੱਚ ਵੀ ਸ਼ਬਦ-ਗਾਇਨ ਪ੍ਰਤੀਯੋਗਤਾਵਾਂ ਸਮੇਂ ਨਿਰਧਾਰਤ ਰਾਗ ਨੂੰ ਹੀ ਤਰਜੀਹ ਦਿਤੀ ਜਾ ਰਹੀ ਹੈ। ਅਜਿਹਾ ਕੀਰਤਨ ਕੀਰਤਨੀਏ ਲਈ ਸਖਤ ਮਿਹਨਤ, ਰਿਆਜ਼ ਤੇ ਅੰਦਰਲੀ ਸੋਝੀ ਦਾ ਮੁਹਤਾਜ ਹੈ।

ਅੱਜ ਕਲ੍ਹ ਦੋ ਪ੍ਰਕਾਰ ਦਾ ਰਾਗ-ਪ੍ਰਧਾਨ ਕੀਰਤਨ ਪ੍ਰਚਲਤ ਹੋ ਰਿਹਾ ਹੈ। ਇੱਕ ਵਿੱਚ ਸ਼ਬਦ ਉਤੇ ਰਾਗ ਭਾਰੂ ਹੋ ਰਿਹਾ ਹੈ ਤੇ ਦੂਸਰੇ ਵਿੱਚ ਸ਼ਬਦ ਨੂੰ ਪ੍ਰਧਾਨਤਾ ਦੇ ਕੇ ਰਾਗ-ਬੱਧ ਕਰਨ ਦਾ ਯਤਨ ਹੈ ਤਾਂ ਜੋ ਸ਼ਬਦ ਦਾ ਅਰਥ-ਭਾਵ ਤੇ ਰਸ ਕਾਇਮ ਰਹਿ ਸਕੇ। ਰਾਗ-ਭਾਰੂ ਕੀਰਤਨ ਕਰਨ ਸਮੇਂ ਰਾਗੀ ਰਾਗ ਦੀਆਂ ਬਾਰੀਕੀਆਂ, ਕਲਾਕਾਰੀ ਤਾਨਾਂ ਤੇ ਸਰਗਮਾਂ ਦਾ ਪ੍ਰਯੋਗ ਕਰਕੇ ਆਪਣੀ ਕਲਾ ਦੇ ਜੌਹਰ ਦਿਖਾਉਣ ਵਿੱਚ ਮਸਤ ਹੋ ਜਾਂਦਾ ਹੈ ਤੇ ਤਬਲੇ ਵਾਲਾ ਕਲਾ-ਕੁਸ਼ਲਤਾ ਦਿਖਾਉਣ ਬਰਾਬਰ ਤੇ ਆ ਜਾਦਾ ਹੈ। ਉਨ੍ਹਾਂ ਦੀ ਅਜਿਹੀ ਪੇਸ਼ਕਾਰੀ ਮਨ ਤੇ ਬੁੱਧੀ ਤਕ ਸੀਮਿਤ ਰਹਿੰਦੀ ਤੇ ਕਲਾ-ਪੱਖ ਪੇਸ਼ ਕਰਕੇ ਹਉਮੈ ਦਾ ਪ੍ਰਗਟਾਵਾ ਕਰਦੀ ਹੈ ਅਜਿਹਾ ਕਰਨ ਨਾਲ ਸ਼ਬਦ ਭਾਵ ਪ੍ਰਗਟ ਨਹੀਂ ਹੁੰਦੇ ਤੇ ਸੰਗਤਾਂ ਗੁਰ-ਸ਼ਬਦ ਨਾਲ ਇਕਸੁਰ ਹੋਣ ਤੋਂ ਅਸਮਰੱਥ ਹੋ ਜਾਂਦੀਆਂ ਹਨ।

ਸੋ ਲੋੜ ਹੈ ਰਾਗ-ਮਰਿਆਦਾ ਵਿਚ ਰਹਿ ਕੇ ਸ਼ਬਦ ਪ੍ਰਧਾਨ ਕੀਰਤਨ ਦੀ। ਤਾਂ ਜੋ ਮਨੁੱਖੀ ਮਨ ਸ਼ਬਦ-ਸੁਰਤ ਦੀ ਇਕਸੁਰਤਾ ਨੂੰ ਕਾਇਮ ਰਖ ਸਕੇ ਤੇ ਗੁਰ-ਕਿਰਪਾ ਦਾ ਪਾਤਰ ਬਣ ਸਕੇ।

ਸੋ ਉਪਰੋਕਤ ਭਾਵਾਂ ਤੋਂ ਸਪਸ਼ਟ ਹੈ ਕਿ ਕੀਰਤਨੀਏ ਸ਼ਬਦ-ਗਾਇਨ ਵੇਲੇ ਰਾਗ ਦਾ ਪ੍ਰਯੋਗ ਇਸ ਢੰਗ ਨਾਲ ਕਰਨ ਕਿ ਸ਼ਬਦ-ਭਾਵ ਰਾਗ ਵਿੱਚ ਗੁਆਚ ਨਾ ਜਾਏ ਭਾਈ ਸੁੰਦਰ ਸਿੰਘ ਤੇ ਭਾਈ ਸਮੁੰਦ ਸਿੰਘ ਉੱਚ ਕੋਟੀ ਦੇ ਰਾਗੀ ਹੋਏ ਹਨ ਜਿਨ੍ਹਾਂ ਨੇ

ਸ਼ਬਦ ਉਤੇ ਰਾਗ ਨੂੰ ਕਦੀ ਭਾਰੂ ਨਹੀਂ ਸੀ ਹੋਣ ਦਿਤਾ। ਇਕ ਵਾਰ ਐਸ. ਐਸ ਅਮੋਲ ਨੇ ਰਾਗੀ ਸੁੰਦਰ ਸਿੰਘ ਨੂੰ ਪ੍ਰਸ਼ਨ ਕੀਤਾ "ਤੁਸੀਂ ਏਡੇ ਵੱਡੇ ਗਵੱਈਏ ਤੇ ਸੰਗੀਤਕਾਰ ਹੁੰਦਿਆਂ ਵੀ ਕੀਰਤਨ ਵਿੱਚ ਨਾ ਗਲਾ ਫੇਰਦੇ ਹੋ, ਨਾ ਤਾਨ, ਅਲਾਪ, ਪਲਟੇ ਲਾਉਂਦੇ ਹੋ ਹਾਲਾਂਕਿ ਸੰਗੀਤ ਦਰਬਾਰਾਂ ਵਿੱਚ ਉਸੇ ਉਤੇ ਤੁਹਾਨੂੰ ਇੰਨੀ ਵਾਹ ਵਾਹ ਮਿਲਦੀ ਹੈ।" ਉਨ੍ਹਾਂ ਉੱਤਰ ਦਿਤਾ, "ਥਾਂ ਥਾਂ ਦਾ ਫਰਕ ਹੈ। ਏਥੇ ਗੁਰੂ ਦਰਬਾਰ ਵਿੱਚ ਕੀਰਤਨ ਦੀ ਲੋੜ ਹੁੰਦੀ ਹੈ, ਇੱਕ ਰੰਗ ਬੰਨਣ ਦੀ ਨਾ ਕਿ ਕਲਾ ਦੀ ਨੁਮਾਇਸ਼ ਦੀ। ਇਥੇ ਆਪ ਭਿੱਜ ਜਾਈਦਾ ਹੈ, ਆਪ ਭੁੱਲ ਜਾਈਦਾ ਹੈ ਗੁਰਚਰਨਾਂ ਵਿੱਚ ਵੀ ਹਾਜ਼ਰੀ ਭਰਨੀ ਹੁੰਦੀ ਹੈ ਪਰ ਸ਼ਬਦ ਪੜ੍ਹਨ ਸਮੇਂ ਸੁਰ, ਤਾਲ ਲੈਅ ਦਾ ਸਮੇਂ ਅਨੁਸਾਰ ਢੁਕਵੀਂ ਰੀਤ ਦਾ, ਉਸਦੇ ਪ੍ਰਭਾਵ ਦਾ ਧਿਆਨ ਜਰੂਰ ਹੁੰਦਾ ਹੈ। ਇਸ ਬਿਨਾਂ ਕੀਰਤਨ; ਕੀਰਤਨ ਹੀ ਨਹੀਂ। ਬਾਣੀ ਸ਼ੁਧ ਪੜ੍ਹਨੀ ਵੀ ਜਰੂਰੀ ਹੈ।

ਇਸੇ ਤਰ੍ਹਾਂ ਜਦੋਂ ਭਾਈ ਸਮੁੰਦ ਸਿੰਘ ਜੀ ਨੂੰ ਪੁਛਿਆ ਗਿਆ ਕਿ ਕੀ ਕੀਰਤਨ ਦੇ ਸਰੋਤੇ ਆਮ ਹੀ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਪੈਂਦੀ। ਪਤਾ ਨਹੀਂ ਤੁਹਾਡਾ ਕੀਰਤਨ ਕਿਵੇਂ ਸੰਗਤਾਂ ਨੂੰ ਖਿੱਚ ਪਾਉਂਦਾ ਹੈ। ਉਨ੍ਹਾਂ ਉੱਤਰ ਦਿਤਾ ਅਸਲ ਗਲ ਇਹ ਜਾਪਦੀ ਹੈ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਹੀ ਇਸ ਕਰਕੇ ਮਿੱਥੀ ਹੈ ਕਿ ਬਾਣੀ ਦੇ ਨਾਲ ਨਾਲ ਜਦ ਸੰਗੀਤ ਕਲਾ ਤੇ ਰਾਗੀ ਦਾ ਗਲਾ ਰਲ ਜਾਂਦਾ ਹੈ ਤਾਂ ਉਹ ਰਾਗੀ ਕਠੋਰ ਮਨ ਤੇ ਵੀ ਅਸਰ ਕਰਦਾ ਹੈ। ਜੇ ਰਾਗੀ ਬਾਣੀ ਨੂੰ ਪਿਛੇ ਤੇ ਰਾਗ ਨੂੰ ਅਗੇ ਕਰ ਦਿੰਦੇ ਉਹ ਸੰਗਤਾਂ ਦੀ ਆਤਮਿਕ ਸੰਤੁਸ਼ਟਤਾ ਨਹੀਂ ਕਰ ਸਕਦੇ। ਕਿਉਂਕਿ ਸਾਰੀ ਸੰਗਤ ਵਿੱਚ ਕੁਝ ਵਿਰਲੇ ਹੀ ਸੰਗੀਤ ਦੀ ਕਲਾ ਦੇ ਗੁੱਝੇ ਤੇ ਡੂੰਘੇ ਰੰਗਾਂ ਦੇ ਭੇਤਾਂ ਨੂੰ ਸਮਝਦੇ ਹੁੰਦੇ ਹਨ। ਉਨ੍ਹਾਂ ਨੂੰ ਲੋੜ ਹੁੰਦੀ ਹੈ ਰਸ ਦੀ ਸ਼ਬਦ ਦੇ ਭਾਵ ਦੀ ਜਾਂ ਗੁਰੂ ਦੇ ਸੰਦੇਸ਼ ਦੀ।"

ਸੋ ਉਪਰੋਕਤ ਹਵਾਲਿਆਂ ਦੇ ਆਧਾਰ ਤੇ ਇਹ ਨਿਚੋੜ ਕਢਿਆ ਜਾ ਸਕਦਾ ਹੈ ਕਿ ਰਾਗ ਨਾਦ ਤਦ ਹੀ ਸ਼ੁਭਨੀਕ ਤੇ ਸਕਾਰਥਾ ਹੋ ਸਕਦੇ ਹਨ ਜੇ ਮਨੁੱਖ ਇਸ ਵਿੱਚ ਰਚੀ ਬਾਣੀ ਨੂੰ ਗਾ ਕੇ ਸੁਣਕੇ ਸੱਚੇ ਨਾਲ ਪਿਆਰ ਪਾ ਕੇ ਸੱਚ ਸਰੂਪ ਵਾਹਿਗੁਰੂ ਨੂੰ ਚਿੱਤ ਵਿੱਚ ਵਸਾ ਸਕੇ :

ਰਾਗ ਨਾਦ ਸਬਦ ਸੋਹਣੇ।
ਜਾ ਲਾਗੈ ਸਹਜ ਧਿਆਨੁ।

ਸੋ ਇਹ ਸਾਰੀਆਂ ਕੀਰਤਨ ਪੱਧਤੀਆਂ ਤਾਂ ਕੀਰਤਨੀਆਂ ਵਲੋਂ ਆਪਣੀ ਰੁਚੀ ਤੇ ਸਮਰੱਥਾ ਅਨੁਸਾਰ, ਸੰਗਤਾਂ ਦੀ ਲੋੜ ਅਤੇ ਮੰਗ ਅਨੁਸਾਰ ਤੇ ਸਮਾਜ ਦੀ ਬਦਲਦੀ ਪ੍ਰਵਿਰਤੀ ਅਨੁਸਾਰ ਅਪਣਾਈਆਂ ਗਈਆਂ ਹਨ ਪਰ ਹੁਣ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਕੀਰਤਨ ਸ਼ੈਲੀ ਹੈ ਜਿਸ ਤੇ ਗੁਰੂ ਸਾਹਿਬ ਰੀਝਦੇ ਹੋਣ ਤੇ ਉਹ ਕਿਹੜੀ ਵਿਧੀ ਹੈ ਜਿਸਨੂੰ ਸੰਗਤਾਂ ਪ੍ਰਵਾਨ ਕਰਨ। "ਕਿਨ ਬਿਧਿ ਕੀਰਤਨ ਗਾਇ ਜੀਉ" ਪ੍ਰਸ਼ਨ ਦਾ ਉਤਰ ਗੁਰੂ ਸਾਹਿਬ ਆਪ ਹੀ ਸੁਲਝਾਉਂਦੇ ਹਨ ਕਿ "ਗੁਰਮੁਖ ਕੀਰਤਨ ਗਾਇ ਜੀਉ"।

ਗੁਰੂ ਸਾਹਿਬ ਤਾਂ ਉਨ੍ਹਾਂ ਕੀਰਤਨੀਆਂ ਤੋਂ ਰੀਝਦੇ ਹਨ ਜੋ ਗੁਰਮੁਖ ਬਣ ਕੇ ਨਿਰਇਛੱਤ ਹੋ ਕੇ ਗੁਰੂ ਦੀ ਸਿਫਤ-ਸਲਾਹ ਕਰਦੇ ਹਨ ਉਨ੍ਹਾਂ ਦੀ ਕੀਰਤਨ-ਸ਼ੈਲੀ ਸੁਤੇ ਸਿਧ ਹੀ ਰਾਗਮਈ ਹ ਜਾਂਦੀ ਹੈ ਉਨ੍ਹਾਂ ਦੀ ਆਤਮਿਕ ਅਵਸਥਾ ਸ਼ਬਦ-ਰਸ ਵਿਚ ਅਡੋਲ ਬੈਠੀ ਗਾਇਨ ਕਰ ਰਹੀ ਹੁੰਦੀ ਹੈ -

ਕੀਰਤਨ ਪ੍ਰਭੂ ਕੀ ਗਾਉ ਮੇਰੀ ਰਸਨਾ
ਅਨਿਕ ਬਾਰ ਕਰਿ ਬਦਨ ਸੰਤਨ,
ਉਹਾਂ ਚਰਨ ਗਬਿੰਦ ਜੀ ਕੇ ਬਸਨਾ ।

ਉਨ੍ਹਾਂ ਦਾ ਮਨ ਨਿਰਮਲ ਕੀਰਤਨ ਦੁਆਰਾ "ਧਾਵਨਿ ਤੇ ਛੂਟਿਓ" ਹੋ ਕੇ ਅਕਾਲ-ਪੁਰਖ ਵਿਚ ਧਿਆਨ ਮਗਨ ਹੋ ਕੇ ਨਿੱਜ 'ਅਸਥਾਨ' ਦੇ ਪ੍ਰਵੇਸ਼ ਕਰਦਾ ਹੈ ਤ ਉਨ੍ਹਾਂ ਦੀ ਅਵਸਥਾ —

ਖੁਲਿਆ ਕਰਮ ਕ੍ਰਿਪਾ ਭਈ ਠਾਕੁਰ
ਕੀਰਤਨ ਹਰਿ ਹਰਿ ਗਾਈ
ਸ੍ਰਮ ਥਾਕਾ ਪਾਏ ਬਿਸਰਾਮਾ
ਮਿਟ ਗਈ ਸਗਲੀ ਧਾਈ ।

ਜਦੋਂ ਕਈ ਗੁਰਮੁਖ ਕੀਰਤਨੀਆਂ ਨਿਰਇਛੱਤ ਹੋ ਕੇ ਗੁਰੂ ਦੀ ਵਡਿਆਈ ਕਰਦਾ ਹੈ ਉਸ ਲਈ ਗੁਰੂ ਘਰ ਵਲੋਂ ਬਖਸ਼ਿਸ਼ਾਂ ਦੇ ਭੰਡਾਰ ਖੁਲ੍ਹ ਜਾਂਦੇ ਹਨ । ਗੁਰਬਾਣੀ ਵਿਚ ਇਸ ਪ੍ਰਤੀ ਸਪਸ਼ਟ ਹੈ —

ਰਾਜ ਮਾਲ ਜੰਜਾਲ ਕਾਜ ਨ ਕਿਤੈ ਗੁਨੋ,
ਹਰਿ ਕੀਰਤਨ ਅਪਾਰ ਨਿਹਚਲ ਇਹ ਧਨੋ

ਇਸ ਦੀ ਪੁਸ਼ਟੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਹਰਿਮੰਦਰ ਸਾਹਿਬ ਦੇ ਮੁਖ ਕੀਰਤਨੀਏ ਭਾਈ ਮਨਸ਼ਾ ਸਿੰਘ ਦੇ ਜੀਵਨ ਵਿਚੋਂ ਮਿਲਦੀ ਹੈ । ਉਹ ਇਤਨੇ ਨਿਮਾਣੇ ਤੇ ਗਰੀਬੜੇ ਕੀਰਤਨੀਏ ਸਨ । ਕਿ ਉਨ੍ਹਾਂ ਪਾਸ ਰੋਟੀ ਪਕਾਉਣ ਲਈ ਇਕ ਤਵਾ ਵੀ ਨਹੀਂ ਸੀ । ਉਹ ਤੌੜੀ ਦੀ ਇਕ ਪੱਚਰ ਮੂਧੀ ਮਾਰ ਕੇ ਰੋਟੀ ਪਕਾਉਂਦੇ ਸਨ । ਇਸ ਗਲ ਦਾ ਜਦੋਂ ਮਹਾਰਾਜਾ ਸਾਹਿਬ ਨੂੰ ਪਤਾ ਲਗਾ ਉਹ ਮਾਇਆ ਦੀਆਂ ਥੈਲੀਆਂ ਭਰ ਕੇ ਆਪਣੇ ਅਹਿਲਕਾਰਾਂ ਸਮੇਤ ਜਾ ਹਾਜ਼ਰ ਹੋਏ । ਪਰੰਤੂ ਭਾਈ ਸਾਹਿਬ ਨੇ ਬਿਨਾਂ ਦਰਵਾਜ਼ਾ ਖੋਲਿਆ ਮਹਾਰਾਜੇ ਨੂੰ ਮੋੜ ਦਿਤਾ ਤੇ ਨਿਮਰਤਾ ਨਾਲ ਅੰਦਰੋਂ ਹੀ ਬੋਲੇ ਕਿ ਜੇ ਕਿਸੇ ਤਰ੍ਹਾਂ ਦੀ ਇੱਛਾ ਹੋਵੇਗੀ ਤਾਂ ਖੁਦ ਸਤਿਗੁਰੂ ਰਾਮਦਾਸ ਜੀ ਪਾਸੋਂ ਮੰਗ ਲਵਾਂਗਾ । ਅਸਲ ਵਿਚ ਤਾਂ ਉਨ੍ਹਾਂ ਨੇ ਭਾਵਨੀ-ਭਗਤ ਵਾਲਾ ਕੀਰਤਨ ਹੀ ਆਪਣਾ ਆਧਾਰ ਬਣਾਇਆ ਸੀ । ਗੁਰਬਾਣੀ ਵਿਚ ਅੰਕਿਤ ਹੈ

ਭਾਇ ਭਗਤ ਹਰਿ ਕੀਰਤਨ ਕਰੀਐ
ਜਪੁ ਪਾਰ ਨਾਨਕ ਨਿਸਤਰੀਐ

ਜੋ ਗੁਰਮੁਖ ਬਣ ਕੇ ਕੀਰਤਨ ਨਹੀਂ ਕਰਦੇ ਉਨ੍ਹਾਂ ਬਾਰੇ ਫੁਰਮਾਣ ਹੈ:-

ਇਕ ਗਾਵਤ ਰਹੇ ਮਨ ਸਾਦਿ ਨਾ ਪਾਇ
ਹਉਮੈ ਵਿਚੋਂ ਗਾਵੈ ਬਿਰਥਾ ਜਾਇ ।"

ਅਤੇ ਇਕ ਥਾਂ ਹੋਰ ਸਪਸ਼ਟ ਹੈ:-

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀਂ ਹਰਿ ਹਰਿ ਭੀ ਜੈ ਰਾਮ ਰਾਜੇ ।

ਗੁਰਮੁਖ ਜਦੋਂ ਪ੍ਰੇਮ ਭਗਤੀ ਨਾਲ ਕੀਰਤਨ ਕਰਦਾ ਹੈ ਅਜਿਹੇ ਗੁਰਮੁਖਿ ਕੀਰਤਨ-ਦੀ ਸ਼ੈਲੀ ਆਪੇ ਹੀ ਰਾਗਮਈ ਹੋ ਨਿਬੜਦੀ ਹੈ । ਸਪਸ਼ਟ ਹੈ

ਜਿਸ ਅੰਦਰਿ ਰੰਗ ਸੋਈ ਗੁਣ ਗਾਵੈ ॥
ਗੁਰਕੈ ਸਬਦ ਸਹਜੇ ਸੁਖ ਸਮਾਵੈ ॥

ਉਹ ਅਨੰਦ ਦੀ ਅਵਸਥਾ ਵਿਚੋਂ ਜੋ ਸ਼ਬਦ ਵੀ ਗਾਉਂਦਾ ਹੈ ਉਸ ਤੇ ਵਾਹਿਗੁਰੂ ਆਪ ਪ੍ਰਸੰਨ ਹੁੰਦਾ ਹੈ ।

ਅਜਿਹੀ ਅਵਸਥਾ ਤੇ ਪਹੁੰਚ ਕੇ ਸਹਿਜ-ਅਨੰਦ ਮਾਰਗ ਦੇ ਪਾਂਧੀ ਅਮੋਲਕ ਤੇ ਦੁਰਲਭ ਖਜ਼ਾਨੇ ਲੱਭ ਲੈਂਦੇ ਹਨ ਤੇ ਇਸ ਖਜ਼ਾਨੇ ਦਾ ਮੂੰਹ ਸੰਗਤਾਂ ਲਈ ਵੀ ਖੋਲ੍ਹ ਦਿੰਦੇ ਹਨ ਤੇ ਜਿਸ ਸਦਕਾ ਸੰਗਤਾਂ ਵੀ ਅਨੰਦਿੱਤ ਹੋ ਜਾਂਦੀਆਂ ਹਨ ।

ਖੋਲ੍ਹ ਖਜਾਨਾ ਸਬਦ ਦਾ ਸਾਧ ਸੰਗਤਿ ਸਚੁ ਮੇਲ ਮਿਲਾਇਆ ॥

# ਗੁਰਬਾਣੀ ਕੀਰਤਨ ਅਤੇ ਫ਼ਿਲਮੀ ਤਰਜ਼ਾਂ

- ਗਿਆਨੀ ਸੁਰਜੀਤ ਸਿੰਘ
'ਸਿੱਖ ਮਿਸ਼ਨਰੀ'

ਗੁਰਬਾਣੀ ਦਾ ਕੀਰਤਨ ਮਾਨਵ-ਸਮਾਜ ਨੂੰ ਗੁਰੂ-ਪਾਤਸ਼ਾਹ ਦੀ ਇਕ ਅਜੇਹੀ ਦੇਣ ਹੈ, ਜਿਸ ਵਰਗੀ ਅਨੂਠੀ ਦਾਤ ਸ਼ਾਇਦ ਸਮੁੱਚੇ ਮਾਨਵਤਾ ਦੇ ਵਿਰਸੇ ਵਿਚ ਹੋਰ ਕਿਧਰੇ ਨਹੀਂ। ਦੂਰ-ਨੇੜ ਕਿਧਰੇ ਕੀਰਤਨ ਹੋ ਰਿਹਾ ਹੋਵੇ, ਉਸ ਦੀ ਮਿੱਠੀ ਧੁਨ ਮਨਾਂ ਨੂੰ ਅਜੇਹੀ ਖਿੱਚ ਪਾਉਂਦੀ ਹੈ ਕਿ ਬੰਦਾ ਝੂਮ ਉਠਦਾ ਹੈ।

ਜੇ ਸੰਸਾਰ ਉਪਰ ਗੁਰੂ ਨਾਨਕ ਪਾਤਸ਼ਾਹ ਦੀ ਇਹ ਬਖਸ਼ਿਸ਼ ਨਾ ਹੁੰਦੀ ਤਾਂ ਇਨਸਾਨ ਕਦੇ ਸੋਚ ਵੀ ਨਹੀਂ ਸਕਦਾ ਕਿ ਕਰਤੇ ਦੀ ਸਿਫ਼ਤ-ਸਲਾਹ ਰਾਗਾਂ ਵਿਚ ਕੀਰਤਨ ਰਾਹੀਂ ਵੀ ਹੋ ਸਕਦੀ ਹੈ। ਮਨੁੱਖਾ ਜਨਮ ਦਾ ਆਧਾਰ ਪ੍ਰਭੂ ਦੀ ਸਿਫ਼ਤ-ਸਲਾਹ ਹੈ, ਜਿਸ ਤੋਂ ਉਸਦੇ ਜੀਵਨ ਵਿਚ ਸੱਚਾ ਰਸ ਉਤਪੰਨ ਹੋਣਾ ਹੈ। ਸੱਚੇ ਦਾ ਸਿਮਰਨ ਤੇ ਗੁਣ-ਗਾਇਨ ਹੀ ਉਸ ਅੰਦਰ ਗੁਣਾਂ-ਕਦਰਾਂ ਦੀ ਸਾਂਝ ਉਤਪੰਨ ਕਰ ਸਕਦਾ ਹੈ, ਉਸ ਨੂੰ ਚਰਿੱਤਰਵਾਨ, ਪਰਉਪਕਾਰੀ, ਦਿਆਲੂ ਅਤੇ ਸੰਤੋਖੀ ਪ੍ਰਵਿਰਤੀ ਦਾ ਬਣ ਸਕਦਾ ਹੈ, ਉਸ ਨੂੰ ਮੰਦ-ਕਰਮਾਂ ਤੋਂ ਸੁਚੇਤ ਕਰਕੇ ਚੰਗੇ-ਮੰਦੇ ਅਤੇ ਸੱਚ-ਝੂਠ ਦੀ ਪਹਿਚਾਣ ਕਰਵਾ ਸਕਦਾ ਹੈ। ਇਸ ਗੁਣ-ਗਾਇਨ ਦੇ ਸੁਭਾਉ ਨੂੰ ਪਰਪੱਕ ਕਰਨ ਵਿਚ ਰਾਗਾਂ ਦਾ ਆਪਣਾ ਹੀ ਮਹੱਤਵ ਹੈ।

ਅਕਾਲ ਪੁਰਖ ਦੀ ਮਹਾਨ ਦੇਣ ਰਾਗ-ਵਿਦਿਆ ਨੂੰ ਇਕ ਲੰਮੇ ਸਮੇਂ ਤੋਂ ਕੇਵਲ ਮਾਤਰ ਕੱਚੇ ਰਸਾਂ ਅਤੇ ਕਾਮ-ਉਤੇਜਕ ਰਚਨਾਵਾਂ ਵਾਸਤੇ ਵਰਤਿਆ ਜਾਂਦਾ ਰਿਹਾ। ਭਾਰਤ ਵਿਚ ਪੁਰਾਤਨ ਕਾਲ ਤੋਂ ਬਣੀਆਂ ਆ ਰਹੀਆਂ ਕਈ ਰਾਗ-ਮਾਲਵਾ, ਚਿੱਤਰ ਅਤੇ ਕਾਵਿ-ਰਚਨਾਵਾਂ ਮਿਲਦੀਆਂ ਹਨ, ਜਿਨ੍ਹਾਂ ਦਾ ਆਧਾਰ ਕੇਵਲ ਕਾਮ ਰਸ ਹਨ। ਸਾਡੇ ਮੁਸਲਮਾਨ ਵੀਰ ਤਾਂ ਰਾਗ ਨੂੰ ਖੁਦਾ ਅਲ੍ਹਾ-ਤਾਲਾ ਤੋਂ ਤੋੜਨ ਵਾਲਾ ਹੀ ਮੰਨ ਬੈਠੇ। ਰਾਗ ਨੂੰ ਇਸਲਾਮ-ਵਿਰੋਧੀ ਮੰਨਿਆ ਜਾਣ ਲੱਗਾ ਅੱਜ ਵੀ ਬਹੁਤਾ ਕਰਕੇ ਇਸਲਾਮੀ ਦੇਸ਼ਾਂ ਵਿਚ ਰਾਗ ਵਰਜਿਤ ਹੈ। ਇਹੀ ਕਾਰਨ ਸੀ ਜਦੋਂ ਨਾਨਕ ਪਾਤਸ਼ਾਹ ਨੇ ਬਗਦਾਦ ਵਿਚ ਜਾ ਕੇ ਰਬਾਬ ਛੇੜੀ ਤਾਂ ਇਕ ਤੂਫ਼ਾਨ ਮਚ ਉਠਿਆ।

ਕੁਝ ਲੋਕਾਂ ਦਾ ਇਹ ਵਿਸ਼ਵਾਸ ਰਿਹਾ ਕਿ ਜੋ ਕੁਝ ਤੇਗ-ਤੋਪਾਂ ਰਾਹੀਂ ਪ੍ਰਾਪਤ ਹੁੰਦਾ ਹੈ, ਉਹ, ਸਭ ਰਾਗ-ਨਿਰਤ 'ਤੇ ਆ ਕੇ ਖਤਮ ਹੋ ਜਾਂਦਾ ਹੈ। ਧਨ ਪਦਾਰਥ ਦੀ ਸੁਵਰਤੋਂ ਇਨਸਾਨ ਨੂੰ ਪਰਉਪਕਾਰੀ ਅਤੇ ਚਰਿੱਤਰਵਾਨ ਬਣਾ ਦੇਂਦੀ ਹੈ ਅਤੇ ਕੁਵਰਤੋਂ ਵਿਸ਼ਈ-ਵਿਕਾਰੀ ਅਤੇ ਨੀਚ। ਇਸ ਵਿਚ ਧਨ-ਪਦਾਰਥਾਂ ਦਾ ਕੀ ਦੋਸ਼। ਗੁਰੂ ਨਾਨਕ ਪਾਤਸ਼ਾਹ ਨੇ ਮਹਾਨ ਬਖਸ਼ਿਸ਼ ਕਰਕੇ ਮਨੁੱਖ-ਮਾਤਰ ਨੂੰ ਸਮਝਾਇਆ ਕਿ ਰਾਗ ਤਾਂ ਜੀਵ ਵਾਸਤੇ ਕਰਤੇ ਦੀ ਮਹਾਨ ਦਾਤ ਹਨ। ਰਾਗਾਂ ਵਿਚ ਕਰਤੇ ਦੀ ਸਿਫ਼ਤ-ਸਲਾਹ, ਮਨੁੱਖੀ

ਮਨ ਨੂੰ ਹੁਲਾਰੇ ਵਿਚ ਲਿਆ ਕੇ ਉਸ ਆਪਣੇ ਅਸਲੇ ਨਾਲ ਜੋੜਨ ਦਾ ਸਾਧਨ ਬਣਦੀ ਹੈ। ਰਾਗ ਨੂੰ ਮਨੁੱਖ ਆਪਣੇ ਕੱਚੇ ਰਸਾਂ ਜਾਂ ਕਾਮ-ਉਤੇਜਕ ਨਿਰਤਕਾਰੀ ਜਾਂ ਚਿੱਤਰਕਾਰੀ ਵਾਸਤੇ ਵਰਤਦਾ ਜੋ ਹੈ ਜੋ ਪ੍ਰਭੂ ਦੀ ਇਸ ਮਹਾਨ ਦਾਤ ਦੀ ਕੁਵਰਤੋਂ ਹੈ, ਇਸ ਵਿਚ ਰਾਗ ਦਾ ਦੋਸ਼ ਨਹੀਂ।

ਸੁਰ-ਤਾਲ ਦੀ ਸਾਂਝ ਨਾਲ ਰਾਗ ਉਤਪੰਨ ਹੁੰਦਾ ਹੈ। ਗੁਰਬਾਣੀ ਰਚਨਾ ਕੁੱਲ ਇਕੱਤੀ ਰਾਗਾਂ ਵਿਚ ਪਰੁਚੀ ਪਈ ਹੈ। ਇਹਨਾਂ ਵਿਚੋਂ ੧੯ ਰਾਗਾਂ ਵਿਚ ਪਹਿਲੇ ਮਹਲੇ ਦੀ ਬਾਣੀ ਮੌਜੂਦ ਹੈ। ਇਹਨਾਂ ੧੯ ਰਾਗਾਂ ਵਿਚੋਂ ਕੇਵਲ ਇਕ ਰਾਗ ਦੁਪਿਹਰ ਦਾ ਹੈ, ਬਾਕੀ ਸਾਰੇ ਸਵੇਰੇ-ਸ਼ਾਮ ਦੇ ਹਨ, ਜਿਥੋਂ ਸਪਸ਼ਟ ਹੈ ਕਿ ਗੁਰੂ ਨਾਨਕ ਪਾਤਸ਼ਾਹ ਸਵੇਰੇ-ਸ਼ਾਮ ਸਤਿਸੰਗ ਅਤੇ ਕੀਰਤਨ ਦਰਬਾਰ ਕਰਿਆ ਕਰਦੇ ਸਨ। ਮਨੁੱਖੀ ਮਨ ਤਾਂ ਕੀ, ਰਾਗ ਦਾ ਕੁਦਰਤੀ ਪ੍ਰਭਾਵ ਤਾਂ 'ਪਸ਼ੂਆਂ-ਪੰਛੀਆਂ 'ਤੇ ਵੀ ਸਰਵਵਿਦਿਤ ਹੈ। ਬੀਨ ਦੀ ਆਵਾਜ਼ ਸੱਪ ਵਾਸਤੇ, ਘੰਡ-ਹੇੜੇ ਦੀ ਹਿਰਨ ਵਾਸਤੇ, ਉਹਨਾਂ ਨੂੰ ਆਪਣੀ ਹੋਂਦ ਤੀਕ ਭੁਲਾ ਦੇਂਦੀ ਹੈ। ਰਾਗ ਦੀ ਖਿੱਚ ਤਾਂ ਮਨੁੱਖੀ ਮਨ ਵਾਸਤੇ ਜਨਮ ਤੋਂ ਹੀ ਹੈ। ਮਾਮੂਲੀ ਛਨਕਣੇ, ਮਾਊਥ ਆਰਗਨ ਜਾਂ ਸਿਤਾਰ ਆਦਿ ਦੀ ਆਵਾਜ਼ ਨਾਲ ਰੋਂਦਾ ਬਚਾ ਵੀ ਚੁੱਪ ਕਰ ਜਾਂਦਾ ਜਾਂਦਾ ਹੈ ਅਤੇ ਹੱਸਣ-ਖੇਡਣ ਲੱਗ ਪੈਂਦਾ ਹੈ। ਰਾਗ ਵਾਲੀ ਮਹਾਨ ਬਖਸ਼ਿਸ਼ ਨੂੰ ਗੁਰੂ-ਪਾਤਸ਼ਾਹ ਨੇ ਮਨੁੱਖੀ ਮਨ ਦੀ ਸੰਭਾਲ ਦਾ ਇਕ ਵੱਡਾ ਸਾਧਨ ਦੱਸਿਆ।

ਗੁਰੂ ਘਰ ਵਿਚ ਕਥਾ, ਕੀਰਤਨ, ਨਾਮ ਸਿਮਰਨ ਮੂਲ ਰੂਪ ਵਿਚ ਸਮਅਰਥੀ ਸ਼ਬਦ ਹਨ, ਜਿਨ੍ਹਾਂ ਦਾ ਅਰਥ ਹੈ—ਪ੍ਰਭੂ ਦੀ ਯਾਦ ਤੇ ਗੁਣਗਾਇਨ। ਇਹ ਸਾਰੇ ਸ਼ਬਦ ਆਪਣੇ ਵੱਖਰੇ-ਵੱਖਰੇ ਪ੍ਰਭਾਵਾਂ ਵਿਚ ਵੀ ਆਏ ਹਨ। ਮੂਲ ਅਰਥ ਭਾਵੇਂ ਸਿਫਤ-ਸਲਾਹ ਅਤੇ ਕਰਤੇ ਦੀਆਂ ਬਾਤਾਂ ਹੀ ਹਨ ਪਰ ਸਰੂਪ ਵੱਖਰੇ-ਵੱਖਰੇ ਬਖਸ਼ ਹਨ। ਕੀਰਤਨ ਤੋਂ ਅਰਥ ਹੈ ਸਾਜ਼ਾਂ ਰਾਹੀਂ ਗੁਰਬਾਣੀ ਦਾ ਗਾਇਨ। ਗੁਰੂ ਘਰ ਵਿਚ ਕੋਈ ਵੀ ਕਾਰਜ ਛੋਟਾ ਹੋਵੇ ਜਾਂ ਵੱਡਾ, ਖੁਸ਼ੀ ਦਾ ਹੋਵੇ ਜਾਂ ਵਿਛੋੜੇ ਦਾ, ਪ੍ਰਭੂ ਕੀਰਤਨ ਤੋਂ ਬਿਨਾਂ ਸਿਰੇ ਹੀ ਨਹੀਂ ਚੜ੍ਹ ਸਕਦਾ।

ਗੁਰੂ-ਘਰ ਵਿਚ ਕੀਰਤਨੀ-ਸੱਜਣਾਂ ਅਤੇ ਕੀਰਤਨ ਦਾ ਕਿਤਨਾ ਸਤਿਕਾਰ ਹੈ! ਪਹਿਲੇ ਪਾਤਸ਼ਾਹ ਰਾਹੀਂ ੧੯ ਰਾਗਾਂ ਦਾ ਜ਼ਿਕਰ ਉਪਰ ਆ ਚੁਕਾ ਹੈ। ਸੱਤੇ ਬਲਵੰਡ ਵਾਲੀ ਸਾਖੀ ਤੋਂ ਆਪ ਸੰਗਤਾਂ ਆਪ ਜਾਣੂੰ ਹਨ। ਜਦੋਂ ਬਾਹਰੀ ਸ਼ਰਾਰਤਾਂ ਸਦਕਾ ਸੱਤਾ ਤੇ ਬਲਵੰਡ ਉਕਸਾਹਟ ਵਿਚ ਆ ਗਏ ਤਾਂ ਪੰਜਵੇਂ ਪਾਤਸ਼ਾਹ ਉਹਨਾਂ ਨੂੰ ਮਨਾਉਣ ਵਾਸਤੇ ਆਪ ਚੱਲ ਕੇ ਗਏ। ਸਤਵੇਂ ਪਾਤਸ਼ਾਹ ਮੰਜੇ 'ਤੇ ਆਰਾਮ ਕਰ ਰਹੇ ਸਨ, ਕੀਰਤਨ ਦੀ ਆਵਾਜ਼ ਕੰਨੀ ਪਈ ਤਾਂ ਤ੍ਰਬਕ ਕੇ ਉਠ ਖਲੋਤੇ। ਆਪ ਜੀ ਦੇ ਗੋਡੇ 'ਤੇ ਸੱਟ ਵੀ ਲੱਗ ਗਈ। ਸੰਗਤਾਂ ਵਿਚੋਂ ਜਦੋਂ ਇਤਨੀ ਘਬਰਾਹਟ ਨਾਲ ਉੱਠਣ ਦਾ ਕਾਰਨ ਪੁੱਛਿਆ ਗਿਆ ਤਾਂ ਫ਼ੁਰਮਾਇਆ 'ਕੀਰਤਨ ਦੀਆਂ ਧੁਨਾਂ ਕੰਨੀ ਪੈ ਰਹੀਆਂ ਹੋਣ ਤੇ ਮੈਂ ਮੰਜੇ 'ਤੇ ਲੇਟਿਆ ਰਵ੍ਹਾਂ, ਇਸ ਵਿਚ ਕੀਰਤਨ ਦੀ ਬੇਅਦਬੀ ਹੈ। ਅਸਤਰਾਂ-ਸ਼ਸ਼ਤਰਾਂ ਰਾਹੀਂ ਹੋ

ਰਹੇ ਘਮਸਾਨ ਯੁੱਧਾਂ ਸਮੇਂ ਵੀ ਕੀਰਤਨ-ਦਰਬਾਰ ਚਲਦੇ ਰਹੇ। ਦਸਮੇਸ਼ ਜੀ ਦੇ ਜੀਵਨ ਵਿਚ ਅਜਿਹੀਆਂ ਘਟਨਾਵਾਂ ਆਮ ਮਿਲਦੀਆਂ ਹਨ।

ਇਸ ਗੱਲ ਨੂੰ ਸਾਨੂੰ ਭਲੀ ਪ੍ਰਕਾਰ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ-ਘਰ ਵਿਚ ਕੀਰਤਨ ਦਾ ਮਤਲਬ ਹੀ ਗੁਰਬਾਣੀ ਦਾ ਕੀਰਤਨ ਹੈ ਜਾਂ ਫਿਰ ਪੰਥ-ਪ੍ਰਵਾਨਤ ਰਚਨਾਵਾਂ, ਭਾਵ ਭਾਈ ਗੁਰਦਾਸ ਜੀ ਦੀ ਬਾਣੀ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਅਤੇ ਦਸਮ-ਗਰੰਥ ਵਿਚੋਂ ਦਸਮੇਸ਼ ਜੀ ਦੀਆਂ ਪ੍ਰਮਾਣੀਕ ਰਚਨਾਵਾਂ, ਹੋਰ ਇਧਰ-ਉਧਰ ਦੀਆਂ ਰਚਨਾਵਾਂ ਦਾ ਗਾਇਨ ਕੀਰਤਨ ਨਹੀਂ।

ਗੁਰਬਾਣੀ-ਗਾਇਨ ਦਾ ਹੱਕ ਕੇਵਲ ਉਹਨਾਂ ਨੂੰ ਹੈ, ਜਿਨ੍ਹਾਂ ਦੀ ਮਨ ਕਰਕੇ ਗੁਰਬਾਣੀ ਨਾਲ ਸਾਂਝ ਹੈ ਅਜੇਹੇ ਸੱਜਣ-ਪੁਰਸ਼ਾਂ ਦੇ ਗੁਰਬਾਣੀ-ਗਾਇਨ ਦਾ ਅਸਰ ਹੀ ਕੁਝ ਹੋਰ ਹੁੰਦਾ ਹੈ! ਬਿਜ਼ਨਿਸ, ਪ੍ਰੋਫੈਸ਼ਨ ਜਾਂ ਫਿਰ ਦਿਖਾਵੇ ਦੀ ਵਾਹ-ਵਾਹ ਵਾਸਤੇ ਨਿਸ਼ਕਾਮਤਾ ਦੇ ਨਾਮ ਹੇਠ ਕੀਤੇ ਗਏ ਕੀਰਤਨ ਨਾਲ ਸਰੋਤੀਆਂ ਦੇ ਜੀਵਨ ਤੇ ਕੋਈ ਬਹੁਤ ਪ੍ਰਭਾਵ ਨਹੀਂ ਪੈ ਸਕਦਾ। ਹਾਂ, ਗੁਰਬਾਣੀ-ਪ੍ਰਸਾਰ ਅਤੇ ਆਮ ਲੋਕਾਈ ਦੀ ਜਾਣਕਾਰੀ ਦਾ ਸਾਧਨ ਜ਼ਰੂਰ ਬਣ ਜਾਂਦੀ ਹੈ। ਗੁਰਬਾਣੀ-ਗਾਇਨ ਭਾਵੇਂ ਜੀਵਨ-ਅਹਾਰ ਦਾ ਸਾਧਨ ਹੋਵੇ ਜਾਂ ਫਿਰ ਨਿਸ਼ਕਾਮ ਸੇਵਾ, ਪਰ ਕੀਰਤਨੀ ਸੱਜਣਾਂ ਦਾ ਜੀਵਨ ਗੁਰਬਾਣੀ ਨੂੰ ਸਮਰਪਿਤ ਹੋਣਾ ਜ਼ਰੂਰੀ ਹੈ। ਨਿੱਜੀ ਸ਼ਰਧਾ-ਅਭਿਆਸ ਵਾਸਤੇ ਕੀਰਤਨ ਭਾਵੇਂ ਕੋਈ ਵੀ ਕਰੇ ਪਰ ਗੁਰਦੁਆਰਿਆਂ ਵਿਚ ਸੰਗਤਾਂ ਦੇ ਸਨਮੁਖ ਅਥਵਾ ਗੁਰਮਿਤ-ਪ੍ਰਚਾਰ ਹਿਤ, ਸਿੱਖ ਰਹਿਤ ਮਰਿਆਦਾ ਅਨੁਸਾਰ ਇਹ ਹੱਕ ਕੇਵਲ ਸਿੱਖ(ਇਸਤਰ ਅਥਵਾ ਮਰਦ) ਨੂੰ ਹੀ ਪ੍ਰਾਪਤ ਹੈ।

ਗੁਰਬਾਣੀ ਗਾਇਨ ਦਾ ਇਕ ਹੋਰ ਵੀ ਢੰਗ ਹੈ ਅਤੇ ਉਹ ਹੈ ਜੋਟੀਆਂ ਰਾਹੀ ਕੀਰ-ਤਨ, ਜੋ ਆਮ ਤੌਰ 'ਤੇ ਸ਼ਬਦ-ਚੌਕੀਆਂ, ਪਰਭਾਤ ਫੇਰੀਆਂ ਜਾਂ ਹੋਰ ਇਕੱਠਾਂ ਸਮੇਂ ਵਰ-ਤਿਆਂ ਜਾਂਦਾ ਹੈ। ਗੁਰਬਾਣੀ-ਗਾਇਨ ਦਾ ਇਹ ਵੀ ਇਕ ਅਜਿਹਾ ਉੱਤਮ ਅਤੇ ਪ੍ਰਮਾਣਿਤ ਢੰਗ ਹੈ, ਗੁਰਬਾਣੀ ਦਾ ਇੱਕ-ਇੱਕ ਅੱਖਰ ਪੜ੍ਹਨ ਵਾਲਿਆਂ ਦੀ ਰਸਨਾ ਤੋਂ ਸੁਣਨ ਵਾਲੀਆਂ ਨੂੰ ਸਪੱਸ਼ਟ ਹੋ ਜਾਂਦਾ ਹੈ।

ਫਿਲਮੀ ਤਰਜ਼ਾਂ ਅਤੇ ਹੋਰ ਊਣਤਾਈਆਂ:

ਕਈ ਵਾਰੀ ਕੁਝ ਸੱਜਣ ਅਤੇ ਜੱਥੇ ਗੁਰਬਾਣੀ ਕੀਰਤਨ, ਫਿਲਮੀ ਤਰਜਾਂ ਉਪਰ ਕਰਨਾ ਆਰੰਭ ਕਰ ਦੇਂਦੇ ਹਮ ਜੋ ਕਿ ਗੁਰਬਾਣੀ ਦੇ ਮਹਾਨ ਸਤਿਕਾਰ ਵਿਰੁੱਧ ਇਕ ਅਤਿ ਦਰਜੇ ਦੀ ਘਟੀਆ ਅਤੇ ਸ਼ਰਮਨਾਕ ਗੱਲ ਹੈ ਫਿਲਮੀ ਗੀਤ ਆਮ ਤੌਰ 'ਤ ਕੱਚ ਰਸਾਂ ਅਤੇ ਸਬੰਧਿਤ ਨਿਰਤਕਾਰੀ ਨਾਲ ਭਰਪੂਰ ਹੁੰਦੇ ਹਨ। ਜਿਹੜੇ ਗੀਤ ਆਮ ਕਰਕੇ ਹਿੱਟ ਹੋ ਜਾਂਦੇ ਹਨ, ਵਰਤਣ ਵਾਲੇ ਤਰਜਾਂ ਵੀ ਉਹਨਾਂ ਹੀ ਗੀਤਾਂ ਦੀਆਂ ਵਰਤਦੇ ਹਨ। ਅਜੇਹੇ ਗੀਤ ਟੀ.ਵੀ. ਆਦਿਕ ਸਾਧਨਾਂ ਕਾਰਨ ਵੱਡਿਆਂ ਤੋਂ ਲੈ ਕੇ ਬੱਚਿਆਂ ਤੀ ਦੇ ਮਨਾਂ ਉਪਰ ਅਪਣਾ ਪੂਰਾ-ਪੂਰਾ ਪ੍ਰਭਾਵ ਛੱਡਦੇ ਹਨ। 'ਉਸ ਗੀਤ ਸਮੇਂ ਸੀਨ ਕੀ ਹੈ, ਕਹਾਣੀ ਕੀ ਚੱਲ ਰਹੀ ਹੈ, ਪਲੇਅ-ਬੈਕ ਸਿੰਗਰ ਕੌਣ ਹੈ, ਸ਼ਬਦਾਵਲੀਅਤੇ ਨਜ਼ਾਰਾ ਕੀ ਹੈ, ਆਦਿ ਸਰੋਤੀਆਂ

ਦੇ ਕੰਨਾਂ ਅਤੇ ਅੱਖਾਂ ਸਾਹਨਣੇ ਤਾਂ ਇਹ ਕੁਝ ਹੀ ਚੱਲ ਰਿਹਾ ਹੁੰਦਾ ਹੈ ਨਾ ਕਿ ਗੁਰਬਾਣੀ ਦੀ ਸ਼ਬਦਾਵਲੀ। ਇਹ ਜਿਥੇ ਇਕ ਪਾਸੇ ਗੁਰਬਾਣੀ ਦੀ ਮਹਾਨ ਬੇਅਦਬੀ ਹੈ, ਉਥੇ ਦੂਜੇ ਪਾਸੇ ਗਾਇਨ ਕਰਨ ਵਾਲਿਆਂ ਦੀ ਅਲਪਗਤਾ ਦਾ ਵੀ ਪ੍ਰਗਟਾਵਾ ਹੈ। ਪਤਾ ਲੱਗ ਜਾਂਦਾ ਹੈ ਕਿ ਅਜੇਹੇ ਲੋਕਾਂ ਦੀ ਗੁਰਬਾਣੀ ਨਾਲ ਲਗਨ ਕਿਤਨੀ ਹੈ ਅਤੇ ਫਿਲਮਾਂ ਵਾਲੇ ਪਾਸੇ ਝੁਕਾਅ ਕਿਤਨਾ? ਪੜ੍ਹਨ ਵਾਲਾ ਤਾਂ ਭਾਵੇਂ ਸਮਝ ਰਿਹਾ ਹੋਵੇ ਕਿ ਉਹ ਬੜਾ ਵਧੀਆ ਕੰਮ ਕਰ ਰਿਹਾ ਹੈ ਪਰ ਸੂਝਵਾਨ ਸਰੋਤਿਆਂ ਦੀਆਂ ਨਜ਼ਰਾਂ ਉਸਦੀ ਪੋਜ਼ੀਸ਼ਨ ਨਿਰੋਲ ਹਾਸੋਹੀਣੀ ਹੋ ਰਹੀ ਹੁੰਦੀ ਹੈ।

ਸਾਨੂੰ ਧਿਆਨ ਦੇਣ ਚਾਹੀਦਾ ਹੈ ਕਿ ਗੁਰੂ-ਪਾਤਸ਼ਾਹ ਨੇ, ਅਕਾਲ-ਪੁਰਖ ਦੀ ਬੇਅੰਤ ਦਾਤ ਰਾਗਾਂ ਦੀ ਵਰਤੋਂ ਨੂੰ ਸੱਚ ਵਾਲੇ ਪਾਸੇ ਮੜਿਆ, ਪ੍ਰਭੂ ਦੀ ਇਸ ਮਹਾਨ ਦਾਤ ਦੀ ਵੱਡੀ ਲੋੜ ਅਤੇ ਕੀਮਤ ਨੂੰ ਮਾਨਵਤਾ ਸਾਹਮਣ ਪ੍ਰਗਟ ਕੀਤਾ। ਗੁਰੂ ਸਾਹਿਬਾਨ ਤਾਂ ਗੁਰਬਾਣੀ ਕੀਰਤਨ ਦੇ ਮਹਾਨ ਰਸੀਏ ਸਨ। ਪੰਚਮ ਪਾਤਸ਼ਾਹ ਨੇ ਸੰਪਾਦਨਾ ਸਮੇਂ ਸੁਰ-ਤਾਲ ਘਰ ਤੀਕ ਦੀ ਪੂਰੀ ਸੂਚਨਾ ਦੇ ਦਿਤੀ। ਦੂਜੇ ਪਾਸੇ ਉਨ੍ਹਾਂ ਵੱਲੋਂ ਰਾਗ ਦੇ ਨਾਲ ਜੋੜੀ ਚੀਜ਼ ਨਿਤ੍ਰਕਾਰੀ ਨੂੰ ਪ੍ਰਭੂ ਦੇ ਸਿਮਰਨ ਤੇ ਗੁਣਗਾਇਨ ਵਾਸਤੇ ਪ੍ਰਵਾਨ ਨਹੀਂ ਕੀਤਾ ਗਿਆ। ਦੱਖਣ ਦੇ ਮੰਦਰਾਂ ਵਿਚ ਅੱਜ ਵੀ ਦੇਵਦਾਸੀਆਂ ਦੀ ਪ੍ਰਥਾ ਹੈ। ਦੇਵੀ-ਦੇਵਤਿਆ ਦੀਆ ਮੂਰਤੀਆਂ ਸਾਹਮਣੇ ਜਵਾਨ ਲੜਕੀਆਂ ਦੀ ਨਿਰਤਕਾਰੀ, ਧਰਮ ਦਾ ਅੰਗ ਕਰਕੇ ਮੰਨੀ ਤੇ ਅਪਣਾਈ ਜਾਂਦੀ ਹੈ। ਗੁਰੂ-ਘਰ ਨੇ ਨੱਚਣ-ਕੁੱਦਣ ਨੂੰ ਕੇਵਲ ਮਨ ਦਾ ਚਾਓ ਕਰਕੇ ਹੀ ਮੰਨਿਆ ਹੈ। ਹੱਸਣਾ-ਖੇਡਣਾ, ਰੰਗ-ਤਮਾਸ਼ੇ ਮਨੁੱਖੀ ਜ਼ਿੰਦਗੀ ਦੀ ਵੱਡੀ ਲੋੜ ਕਰਕੇ ਤਾਂ ਪ੍ਰਵਾਨੇ ਹਨ ਪਰ ਮਨ ਦੇ ਟਿਕਾਉਣ ਵਾਲੇ ਸਾਧਨ ਨਹੀਂ। ਇਹੀ ਕਾਰਨ ਹੈ ਕਿ ਗੁਰਦੁਵਾਰੇ ਦੀ ਹੱਦ ਅੰਦਰ ਜਾਂ ਸਤਿਸੰਗ ਸਮੇਂ ਰਾਗਾਂ ਨੂੰ ਬੜਾ ਉੱਚਾ ਸਥਾਨ ਪ੍ਰਾਪਤ ਹੈ। ਰਾਗ ਨੂੰ ਮਨੁੱਖੀ ਮਨ ਨੂੰ ਟਿਕਾਅ ਅਤੇ ਹੁਲਾਰਾ ਦੇਣ ਵਾਸਤ ਜ਼ਰੂਰੀ ਸਾਧਨ ਮੰਨਿਆ ਗਿਆ ਹੈ ਪਰ ਨਿਰਤਕਾਰੀ ਨੂੰ ਪ੍ਰਵਾਨ ਨਹੀਂ ਕੀਤਾ। ਤਾਂ ਜਦੋਂ ਕੋਈ ਭੁੱਲੜ ਕੀਰਤਨੀਆਂ ਗੁਰਬਾਣੀ ਦਾ ਗਾਇਨ ਫਿਲਮੀ ਤਰਜ਼ਾਂ ਤੇ ਕਰ ਰਿਹਾ ਹੋਵੇ, ਬਦਲੇ ਵਿਚ ਸਰੋਤਿਆਂ ਦੇ ਮਨਾਂ ਵਿਚ ਕੱਚੇ ਰਸਾਂ ਨਾਲ ਭਰਪੂਰ ਫਿਲਮੀ ਨਜ਼ਾਰੇ ਅਤੇ ਉਹੀ ਨਿਰਤਕਾਰੀ ਉਜਾਗਰ ਹੋ ਰਹੀ ਹੋਵੇ, ਇੰਜ ਗੁਰਬਾਣੀ ਬੇਅਦਬੀ ਦਾ ਅੰਦਾਜ਼ਾ ਲਗਾਂਦੇ ਦੇਰ ਨਹੀਂ ਲੱਗਦੀ। ਸੰਗਤ ਤਾਂ ਜੁੜੀ ਹੈ—ਮਨਾਂ ਨੂੰ ਕਰਤੇ ਨਾਲ ਜੋੜਨ ਵਾਸਤੇ ਅਤੇ ਸਾਧਨ ਵਰਤੇ ਜਾ ਰਹੇ ਰੰਗ ਤਮਾਸ਼ਿਆਂ ਦੇ ਮਨਾਂ ਨੂੰ ਤੋੜਨ ਵਾਲੇ। ਗੱਲ ਕਿਵੇਂ ਬਣ ਸਕਦੀ ਹੈ?

ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਕੁੱਲ ਬਾਈ ਵਾਰਾਂ ਵਿਚੋਂ ਨੌ ਵਾਰਾਂ ਨੂੰ ਧੁਨੀਆਂ 'ਤੇ ਗਾਉਣ ਦੀ ਸੇਧ ਦਿਤੀ ਹੈ। ਉਸ ਸਮੇਂ ਬੀਰ ਰਸੀ ਵਾਰਾਂ ਦੀਆਂ ਕੁਝ ਸੱਜਣ ਸਆਲ ਕਰਦੇ ਹਨ, ਦੇਖੋ ਜੀ, ਗੁਰੂ ਸਾਹਿਬ ਨੇ ਵੀ ਤਾਂ ਆਪਣੇ ਸਮੇਂ ਦੀਆਂ ਧੁਨੀਆਂ

ਵਰਤੀਆਂ ਹਨ, ਤਾਂ ਫਿਰ ਸਾਨੂੰ ਕਿਉਂ ਮਨ੍ਹਾਂ ਕਰਦੇ ਹੋ? ਸਾਨਮਰ ਬਨਤੀ ਹੈ ਕਿ ਗੁਰੂ ਸਾਹਿਬ ਦੇ ਸਮੇਂ ਵੀ ਅਜਕੱਲ ਦੀਆਂ ਪਿਕਚਰਾਂ ਆਦਿ ਦੀ ਤਰ੍ਹਾਂ ਹੀ ਕੱਚੇ ਰਸਾਂ ਉਪਰ ਆਧਾਰਤ ਮਹਿਫਲਾਂ ਜੰਮਦੀਆਂ ਸਨ। ਮਨ-ਪਰਚਾਵਾ ਤਾਂ ਆਰੰਭ ਕਾਲ ਤੋਂ ਹੀ

ਮਨੁੱਖ ਜਿੰਦਗੀ ਦੀ ਵੱਡੀ ਲੋੜ ਰਹੀ ਹੈ। ਲੋੜ ਅਨੁਸਾਰ ਉਸ ਵਕਤ ਵੀ ਅਜੇਹੇ ਅਨ-ਗੀਤ, ਗਾਣੇ ਆਦਿ ਵੀ ਰਚੇ ਜਾਂਦੇ ਸਨ। ਮਨ-ਪਰਚਾਵੇ ਜਾਂ ਰੰਗ-ਤਮਾਸ਼ਿਆਂ ਨੂੰ ਮਨੁੱਖੀ ਜੀਵਨ ਦੀ ਵੱਡੀ ਲੋੜ ਮੰਨਣ ਦੇ ਬਾਵਜੂਦ, ਪਾਤਸ਼ਾਹ ਨੇ ਕਿਧਰੇ ਅਜੇਹੀਆਂ ਤਰਜ਼ਾਂ-ਧੁਨੀਆਂ ਦੀ ਗੁਰਬਾਣੀ ਵਿਚ ਸੇਧ ਨਹੀਂ ਦਿਤੀ। ਜਿਨ੍ਹਾਂ ਧਨੀਆਂ ਦੀ ਪਾਤਸ਼ਾਹ ਨੇ ਸੂਚਨਾ ਦਿਤੀ, ਓਹਨਾਂ ਦਾ ਸੰਬੰਧ ਬੀਰ-ਰਸੀ ਰਚਨਾਵਾਂ ਨਾਲ ਸੀ। ਉਸ ਸਮੇਂ ਵੀ ਜੇਹੜੀਆ ਸੰਗਤਾਂ, ਸਬੰਧਤ ਧੁਨੀਆਂ ਵਿਚ ਗੁਰਬਾਣੀ ਵਾਰਾਂ ਦਾ ਗ ਇਨ ਕਰਦੀਆਂ ਸਨ, ਉਹਨਾਂ ਦੇ ਮਨਾਂ ਉਪਰ ਬੀਰ ਰਸੀ ਪ੍ਰਭਾਵ ਤਾਂ ਉਕਰ ਸਕਦੇ ਸਨ, ਕੱਚੇ ਜਾਂ ਕਾਮ-ਉਤੇਜਕ ਰਸ਼ ਨਹੀਂ। ਇਹ ਵਿਸ਼ਾ ਖਾਸ ਧਿਆਨ ਮੰਗਦਾ ਹੈ।

ਇਕ ਦੋ ਹੋਰ ਆ ਚੁਕੀਆਂ ਊਣਤਾਈਆਂ ਵਲ ਖਾਸ ਧਿਆਨ ਦੇਣ ਦੀ ਲੋੜ ਹੈ। ਪਹਿਲੀ ਇਹ ਕਿ ਕਈ ਵਾਰੀ ਸਾਡੇ ਰਾਗੀ ਵੀਰ ਕੀਰਤਨ ਕਰਦੇ ਸਮੇਂ, ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਖਾਤਰ ਰਾਗ ਨੂੰ ਇਤਨੀ ਪ੍ਰਧਾਨਤਾ ਦੇ ਦਿੰਦੇ ਹਨ ਕਿ ਸ਼ਬਦ ਗੌਣ ਬਣ ਜਾਂਦਾ ਹੈ ਅਤੇ ਸਮਝ ਹੀ ਨਹੀਂ ਆਉਂਦੀ। ਫਿਰ ਸਾਜ਼ਾਂ ਨੂੰ ਇਤਨਾ ਤੇਜ਼ ਕਰ ਦੇਂਦੇ ਹਨ ਕਿ ਸ਼ਬਦ ਦੀ ਆਵਾਜ਼ ਵਿਚੋਂ ਹੀ ਦੱਬ ਕੇ ਰਹਿ ਜਾਂਦੀ ਹੈ। ਇਹ ਦੋਵੇਂ ਹੀ ਗੱਲਾਂ ਗਲਤ ਹਨ। ਮਕਸਦ ਤਾਂ ਗੁਰਬਾਣੀ ਦੇ ਸ਼ਬਦ ਨੂੰ ਮਨ ਵਿਚ ਵਸਾਉਣਾ ਹੈ, ਸਾਜ਼ ਤੇ ਰਾਗ ਤਾਂ ਕੇਵਲ ਮਨ ਨੂੰ ਟਿਕਾਓ ਵਿਚ ਲਿਆਉਣ ਦਾ ਸਾਧਨ ਹਨ। ਇਸ ਫਰਕ ਨੂੰ ਅਸਾਂ ਸਮਝਣਾ ਹੈ।

ਦੂਜਾ, ਜੋਟੀਆਂ ਦੇ ਸ਼ਬਦਾਂ ਸਮੇਂ ਕਈ ਸੱਜਣ ਬਾਹਰ ਦੀਆਂ ਕੱਚੀਆਂ ਧਾਰਨਾਵਾਂ ਧੜ੍ਹਦੇ ਹਨ। ਗੁਰਬਾਣੀ ਸ਼ਬਦਾਂ ਵਿਚ ਸਾਨੂੰ ਲਗਾਂ-ਮਾਤਰਾਂ ਅਦਲ-ਬਦਲ ਕਰਨ ਦਾ ਕੋਈ ਹੱਕ ਨਹੀਂ। ਤਾਂ ਫਿਰ ਬਾਹਰ ਦੀਆਂ ਧਾਰਨਾਵਾਂ ਨੂੰ ਟੇਕ ਬਣਾ ਦੇਣ ਦਾ ਹੱਕ ਸਾਨੂੰ ਕਿਥੋਂ ਮਿਲ ਗਿਆ? ਕਈ ਵਾਰ ਤਾਂ ਟੇਕ ਵਾਲੀ ਧਾਰਨਾ ਹੀ ਸੁਣਾਉਣ ਵਾਸਤੇ ਰਹਿ ਜਾਂਦੀ ਹੈ, ਸ਼ਬਦ ਦਾ ਤਾਂ ਪਤਾ ਹੀ ਨਹੀਂ ਲਗਦਾ। ਕਈ ਵਾਰੀ ਇਹ ਬਾਹਰ ਦੀ ਧਾਰਨਾ ਇਤਨੀ ਮੂਰਖਤਾਪੂਰਨ ਹੁੰਦੀ ਹੈ ਕਿ ਸ਼ਬਦ ਦੇ ਅਸਲ ਅਰਥ-ਭਾਵ ਨੂੰ ਹੀ ਕੱਟ ਰਹੀ ਹੁੰਦੀ ਹੈ। ਸ਼ਬਦ ਦਾ ਕੇਂਦਰੀ ਭਾਵ 'ਰਹਾਉ' ਵਾਲਾ ਬੰਦ ਹੁੰਦਾ ਹੈ। ਕੀਰਤਨ ਸਾਜ਼ਾਂ ਰਾਹੀਂ ਹੋ ਰਿਹਾ ਹੋਵੇ ਜਾਂ ਜੋਟੀਆਂ ਨਾਲ, ਟੇਕ ਅਸਾਂ 'ਰਹਾਉ' ਵਾਲੇ ਬੰਦ ਨੂੰ ਹੀ ਬਨਾਉਣਾ ਹੈ। ਕੱਚੀਆਂ ਧਾਰਨਾਵਾਂ ਅਤੇ ਫਿਲਮੀ ਤਰਜ਼ਾਂ ਵਾਲੀ ਬਿਮਾਰੀ 'ਤੇ ਇਕਦਮ ਰੋਕ ਪਾਉਣ ਦੀ ਸਖਤ ਲੋੜ ਹੈ।

(ਗੁਰਮਤ ਪ੍ਰਕਾਸ਼ ਵਿਚੋਂ ਧੰਨਵਾਦ ਸਹਿਤ)

# ਕੈੱਸਟ ਸਮੀਖਿਆ

## ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਦੁਆਰਾ ਕੀਰਤਨ

—ਹਰਚਰਨ ਸਿੰਘ,
173, ਪਾਰਕ ਸਟਰੀਟ,
ਕਲਕੱਤਾ-170017.

"ਇੰਡੀਆ ਟੁਡੇ" ਭਾਰਤ ਦੀ ਸਭ ਤੋਂ ਜ਼ਿਆਦਾ ਵਿਕਣ ਵਾਲੀ ਪੱਤ੍ਰਿਕਾ ਹੈ ਜੋ ਹਰ ਪੰਦਰਾ ਦਿਨ ਮਗਰੋਂ ਪ੍ਰਕਾਸ਼ਿਤ ਹੁੰਦੀ ਹੈ। ਪਹਿਲਾਂ ਇਹ ਕੇਵਲ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਹੁੰਦੀ ਸੀ, ਪਰ ਹੁਣ ਹਿੰਦੀ, ਗੁਜਰਾਤੀ, ਤਾਮਿਲ, ਤੇਲਗੂ ਆਦਿ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਹੋਣ ਲੱਗ ਪਈ ਹੈ। ਇਸ ਪਤ੍ਰਿਕਾ ਨੇ ਸੰਪਾਦਕੀ, ਮਜ਼ਮੂਨ, ਪਤ੍ਰਕਾਰੀ, ਛਪਾਈ ਅਤੇ ਕਲਾਤਮਕਤਾ ਪੱਖੋਂ ਨਵੇਂ ਮੀਲ-ਪੱਥਰ ਅਤੇ ਮਿਆਰ ਸਥਾਪਿਤ ਕੀਤੇ ਹਨ ਅਤੇ ਅਜ ਦੇਸ਼ ਹੀ ਨਹੀਂ ਵਿਦੇਸ਼ਾਂ ਵਿਚ ਵੀ ਇਸ ਦੀ ਵਿਕਰੀ ਚੋਖੀ ਹੈ।

"ਇੰਡੀਆ ਟੁਡੇ" ਦੇ ਮਾਲਿਕ, ਸੰਸਥਾਪਕ ਅਤੇ ਸੰਪਾਦਕ ਸ੍ਰੀ ਅਰੁਨ ਪੁਰੀ ਹਨ ਜੋ ਕਿ, ਬੜੇ ਦੂਰਅੰਦੇਸ਼ੀ ਵਿਅਕਤੀ ਹਨ, ਆਪ ਨੇ ਦਿੱਲੀ ਦੇ ਨੇੜੇ ਫਰੀਦਾਬਾਦ ਵਿਖੇ "ਥਾਮਸਨ ਪਰੈਸ" ਦੇ ਨਾਂਅ ਹੇਠ ਇਕ ਪਰੈਸ ਲਗਾਈ ਹੈ ਜੋ ਕਿ ਭਾਰਤ ਦੀ ਸਭ ਤੋਂ ਨਵੀਨ ਅਤੇ ਤਕਨੀਕੀ ਪਖੋਂ ਅਧੁਨਿਕ ਪਰੈਸ ਕਹੀ ਜਾ ਸਕਦੀ ਹੈ।

ਲਗਭਗ ਚਾਰ ਕੁ ਸਾਲ ਪਹਿਲਾਂ ਆਪ ਨੇ "ਮਿਊਜ਼ਿਕ ਟੁਡੇ" ਨਾਂਅ ਹੇਠ ਇਕ ਨਵਾਂ ਵਿਭਾਗ ਕਾਇਮ ਕੀਤਾ ਅਤੇ ਤਜ਼ੁਰਬੇ ਵਜੋਂ ਭਾਰਤੀ ਸ਼ਾਸਤਰੀ ਸੰਗੀਤ ਦੇ ਸਿਧੱਹਸਤ ਅਤੇ ਪ੍ਰਮੁਖ ਕਲਾਕਾਰ ਪੰ: ਭੀਮਸੈਨ ਜੋਸ਼ੀ, ਉਸਤਾਦ ਅਮਜਦ ਅਲੀ ਖਾਨ, ਪੰ: ਸਾਜਨ ਅਤੇ ਰਾਜਨ ਮਿਸ਼ਰਾ, ਸ੍ਰੀਮਤੀ ਕਿਸ਼ੋਰੀ ਅਮੋਨਕਰ, ਪੰ: ਹਰੀ ਪ੍ਰਸਾਦ ਚੌਰਸੀਆ, ਪੰ: ਸ਼ਿਵ ਕੁਮਾਰ ਸ਼ਰਮਾ, ਉਸਤਾਦ ਬਿਸਮਲਾ ਖਾਨ, ਪੰ: ਮੱਲਿਕਾ ਰੰਜਨ ਮਨਸੂਰ ਅਤੇ ਹੋਰ ਕਲਾਕਾਰਾਂ ਦੁਆਰਾ ਗਾਇਨ ਅਤੇ ਵਾਦਨ ਦੀਆਂ ਆਡੀਓ ਅਤੇ ਸੀ. ਡੀ. ਕੈੱਸਟਾਂ ਦੀ ਪਹਿਲੀ ਲੜੀ ਰਿਲੀਜ਼ ਕੀਤੀ। ਭਾਰਤੀ ਸ਼ਾਸਤਰੀ ਸੰਗੀਤ ਦਾ ਇਹ ਸੈਟ ਛੇਤੀ ਹੀ ਹਰਮਨ ਪਿਆਰਾ ਅਤੇ ਲੋਕਪ੍ਰਿਯ ਹੋ ਗਿਆ ਅਤੇ ਇਸ ਨੂੰ ਭਾਰੀ ਸਫਲਤਾ ਮਿਲੀ।

ਇਸ ਸੈਟ ਦੀ ਸਫਲਤਾ ਤੋਂ ਪ੍ਰੇਰਨਾ ਲੈ ਕੇ "ਮਿਊਜ਼ਿਕ ਟੁਡੇ" ਨੇ ਰਮਾਇਣ, ਭਾਗਵਤ ਗੀਤਾ ਅਤੇ ਹਨੂੰਮਾਨ ਚਾਲੀਸਾ ਤੇ ਹੋਰ ਹਿੰਦੂ ਭਜਨਾਂ 'ਤੇ ਆਧਾਰਿਤ ਕੈੱਸਟਾਂ ਦਾ ਸੈਟ ਰਿਲੀਜ਼ ਕੀਤਾ ਅਤੇ ਇਸ ਦੀ ਵੀ ਸਰੋਤਿਆਂ ਵਿਚ ਭਾਰੀ ਮੰਗ ਪਾਈ ਗਈ। ਇਸ ਮਗਰੋਂ ਪਾਕਿਸਤਾਨੀ ਗਜ਼ਲਾਂ ਅਤੇ ਲੋਕ ਗੀਤਾਂ ਦਾ ਇਕ ਸੈਟ ਤੇ ਫਿਰ ਭਾਰਤੀ ਕਵਾਲੀਆਂ ਦਾ ਸੈਟ ਰਿਲੀਜ਼ ਹੋਇਆ। ਇਹਨਾਂ ਦੀ ਵੀ ਬਹੁਤ ਮੰਗ ਹੋਈ। ਇਸ ਤੋਂ ਬਅਦ ਰਾਗ ਮੇਘ ਮਲ੍ਹਾਰ ਅਤੇ ਬਸੰਤ ਬਹਾਰ ਨਾਲ ਸਬੰਧਿਤ ਸ਼ਾਸਤਰੀ ਸੰਗੀਤ ਦੀਆਂ ਕੈੱਸਟਾਂ ਦਾ ਰਿਲੀਜ਼ ਕੀਤਾ ਗਿਆ ਸੈਟ ਵੀ ਬਹੁਤ ਮਕਬੂਲ ਹੋਇਆ। ਉਸਤਾਦ ਅੱਲ੍ਹਾ ਰੱਖਾ ਖਾਨ ਅਤੇ ਉਹਨਾਂ ਦੇ ਹੋਣਹਾਰ ਸਪੁਤਰ ਉਸਤਾਦ ਜ਼ਾਕਿਰ ਹੁਸੈਨ ਖਾਨ ਦੀਆਂ ਤਬਲਾ ਵਾਦਨ ਦੀਆਂ ਕੈੱਸਟਾਂ ਵੀ ਰਿਲੀਜ਼ ਹੋਈਆਂ।

ਹੁਣ ਹਾਲ ਵਿਚ "ਮਿਊਜ਼ਿਕ ਟੁਡੇ" ਦੀ ਨਵੀਨਤਮ ਪੇਸ਼ਕਸ਼ ਅਧੀਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਚਾਰ ਹਜ਼ੂਰੀ ਰਾਗੀ ਜਥਿਆਂ ਦਾ ਚਾਰ ਆਡੀਓ ਕੈੱਸਟਾਂ ਅਤੇ ਸੀ. ਡੀ. ਕੈੱਸਟਾਂ ਵਿਚ ਕੀਰਤਨ ਰਿਲੀਜ਼ ਕੀਤਾ ਗਿਆ। ਇਹਨਾਂ ਚਾਰ ਰਾਗੀ ਜਥਿਆਂ ਦੇ ਨਾਂਅ ਹਨ—ਭਾ. ਗੁਰਮੇਜ ਸਿੰਘ ਜੀ, ਭਾਈ ਹਰੀ ਸਿੰਘ ਜੀ, ਭਾਈ ਨਿਰਮਲ ਸਿੰਘ ਜੀ ਅਤੇ ਭਾਈ ਰਵਿੰਦਰ ਸਿੰਘ ਜੀ।

ਪਹਿਲੀ ਕੈੱਸਟ ਭਾਈ ਗੁਰਮੇਜ ਸਿੰਘ ਜੀ ਦੁਆਰਾ ਗਾਏ ਗਏ ਸ਼ਬਦਾਂ ਦੀ ਹੈ। ਆਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਾਫੀ ਸਾਲਾਂ ਤੋਂ ਕੀਰਤਨ ਦੀ ਸੇਵਾ ਨਿਭਾ ਰਹੇ ਹਨ ਅਤੇ ਅੰਮ੍ਰਿਤਸਰ ਦੀਆਂ ਸੰਗਤਾਂ ਵਿਚ ਬੜੇ ਹੀ ਲੋਕਪ੍ਰਿਯ ਹਨ। ਆਪ ਜੀ ਨੇਤ੍ਰਹੀਣ ਹੋਣ ਦੇ ਬਾਵਜੂਦ ਚੰਗੇ ਕਵੀ ਵੀ ਹਨ ਅਤੇ ਆਪ ਜੀ ਨੇ ਨੇਤ੍ਰਹੀਣਾਂ ਲਈ ਬ੍ਰੇਲ ਦੀ ਭਾਸ਼ਾ ਵਿਚ ਕੁਝ ਪੁਸਤਕਾਂ ਦੀ ਰਚਨਾ ਵੀ ਕੀਤੀ ਹੈ।

ਕੈੱਸਟ ਦੀ "ਏ ਸਾਈਡ" ਤੇ ਆਪ ਜੀ ਨੇ ਤਿੰਨ ਸ਼ਬਦਾਂ ਦਾ ਗਾਇਨ ਕੀਤਾ ਹੈ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਉਸਤਤਿ ਵਿਚ ਹੀ ਉਚਾਰੇ ਗਏ ਹਨ। ਪਹਿਲਾ ਸ਼ਬਦ ਹੈ—'ਹਰਿਮੰਦਰੁ ਹਰਿ ਜੀਉ ਸਾਜਿਆ ਮੇਰੇ ਨਾਲ ਜੀਓ" ॥ ਇਹ ਸ਼ਬਦ ਰੂਪਕ ਤਾਲ ਵਿਚ ਨਿਬੱਧ ਹੈ। ਦੂਸਰਾ ਸ਼ਬਦ—"ਹਰਿ ਜਪੇ ਹਰਿ ਮੰਦਰੁ ਸਾਜਿਆ, ਸੰਤ ਭਗਤ ਗੁਣ ਗਾਵਹਿ ਰਾਮ" ॥ ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਸੂਹੀ ਵਿਚ ਉਚਾਰਣ ਕੀਤਾ ਹੈ। ਪਰ ਆਪ ਨੇ ਇਸ ਨੂੰ ਸਵੇਰੇ ਗਾਏ ਜਾਣ ਵਾਲੇ ਭਾਰਤੀ ਰਾਗ 'ਲਲਿਤ' ਵਿਚ ਗਾਇਨ ਕੀਤਾ ਹੈ ਅਤੇ ਤਾਲ ਦਾਦਰਾ ਹੈ। ਇਸੇ ਸਾਈਡ ਦਾ ਤੀਜਾ ਸ਼ਬਦ "ਹਰਿ ਮੰਦਰੁ ਸੋਈ ਆਖੀਐ, ਜਿਥੈ ਹਰਿ ਜਾਤਾ" ॥ ਆਪ ਜੀ ਨੇ ਕਹਿਰਵੇ ਤਾਲ ਵਿਚ ਨਿਬੱਧ ਰੀਤ ਵਿਚ ਗਾਇਨ ਕੀਤਾ ਹੈ। ਇਸ ਸ਼ਬਦ ਦੀ ਅਸਥਾਈ ਦੀ ਲਯ ਵਾਰ-ਵਾਰ ਤੇਜ਼ ਹੋ ਜਾਂਦੀ ਪ੍ਰਤੀਤ ਹੁੰਦੀ ਹੈ।

ਇਸ ਕੈੱਸਟ ਦੀ "ਬੀ ਸਾਈਡ" ਦਾ ਪਹਿਲਾ ਸ਼ਬਦ ਹੈ - "ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ" ॥ ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤਾ ਗਿਆ ਹੈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 1111 ਉੱਪਰ

ਅੰਕਿਤ ਹੈ। ਤੁਖਾਰੀ ਮਹਲਾ। ਛੰਤ" ਹੇਠ ਉਚਾਰੇ ਗਏ ਇਸ ਸ਼ਬਦ ਦਾ ਗਾਇਨ ਆਪ ਜੀ ਨੇ ਸਵੇਰ ਦੇ ਰਾਗ ਅਹੀਰ ਭੈਰਵ ਵਿਚ ਕੀਤਾ ਹੈ। ਕਹਿਰਵੇ ਤਾਲ ਵਿਚ ਨਿਬੱਧ ਇਸ ਸ਼ਬਦ ਦੀ ਗਾਇਨ ਸ਼ੈਲੀ ਬੜੀ ਹੀ ਸੁੰਦਰ ਹੈ ਅਤੇ ਸ਼ਬਦਾਂ ਨੂੰ ਸ੍ਰਵਣ ਕਰਨ 'ਤੇ ਪ੍ਰਤੀਤ ਹੁੰਦਾ ਹੈ ਕਿ ਸਰੋਤਾ ਆਪ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਸ੍ਰਵਣ ਕਰ ਰਿਹਾ ਹੈ। ਪਰੰਤੂ ਅਸਥਾਈ ਵਿਚ ਲਯ ਫੇਰ ਤੇਜ਼ ਹੋ ਜਾਂਦੀ ਹੈ ਜਦਕਿ ਭਾਈ ਸਾਹਿਬ ਠਹਿਰਾ ਵਾਲੇ ਕੀਰਤਨ ਲਈ ਪ੍ਰਸਿੱਧ ਹਨ।

ਇਸੇ ਸਾਈਡ ਦਾ ਦੂਸਰਾ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 459 ਉੱਪਰ "ਆਸਾ ਮਹਲਾ 5" ਅਧੀਨ ਅੰਕਿਤ ਹੈ ਅਤੇ ਬੋਲ ਹਨ "ਭਿੰਨੀ ਰੈਨੜੀਏ ਚਾਮਕਨਿ ਤਾਰੇ" ਇਸ ਸ਼ਬਦ ਨੂੰ ਆਪ ਨੇ ਦਾਦਰਾ ਤਾਲ ਵਿਚ ਗਾਇਨ ਕੀਤਾ ਹੈ ਅਤਿ ਹੀ ਠਹਿਰਾ ਵਿਚ ਗਾਏ ਹੋਣ ਕਾਰਨ ਇਸ ਸ਼ਬਦ ਨੂੰ ਇਸ ਕੈਸੱਟ ਦਾ ਸ਼ਾਹਕਾਰ ਕਿਹਾ ਜਾਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁਰਬਾਣੀ ਦਾ ਸਪਸ਼ਟ ਉਚਾਰਣ ਵੀ ਇਸ ਕੈਸੱਟ ਦੀ ਵਿਸ਼ੇਸ਼ਤਾ ਹੈ।

"ਬੀ ਸਾਈਡ" ਦਾ ਅੰਤਲਾ ਸ਼ਬਦ, ਜੋ ਕਿ ਆਰਤੀ ਦੇ ਰੂਪ ਵਿਚ ਪ੍ਰਚੱਲਿਤ ਹੈ, ਆਪ ਜੀ ਨੇ-"ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ,," ਦੀ ਟੇਕ ਨਾ ਰੱਖ ਕੇ ਆਰੰਭ "ਕੈਸੀ ਆਰਤੀ ਹੋਇ,," ਪੰਕਤੀ ਦੁਆਰਾ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਰਿਤ ਇਸ ਅਮਰ ਰਚਨਾ ਨੂੰ ਕੈਸੱਟ ਵਿਚ ਸ਼ਾਮਲ ਕਰਨ ਦੀ ਚੋਣ ਬੜੀ ਸੁਚੱਜੀ ਹੈ।

ਪੂਰੀ ਕੈਸੱਟ ਵਿਚ ਉਸਤਾਦ ਲਿਆਕਤ ਅਲੀ ਖਾਨ ਦਿੱਲੀ ਵਾਲਿਆਂ ਨੇ ਬੜਾ ਢੁਕਵਾਂ ਸਾਥ ਨਿਭਾਇਆ ਹੈ। ਬਾਕੀ ਸਾਥੀ ਠੀਕ ਠਾਕ ਹਨ। ਭਾਈ ਗੁਰਮੇਜ ਸਿੰਘ ਜੀ ਜੇ ਆਪਣੇ ਕੰਠ ਅਨੁਸਾਰ ਸਕੇਲ ਨੀਵਾਂ ਰੱਖਦੇ ਤਾਂ ਮਿਠਾਸ ਹੋਰ ਵੱਧ ਸਕਦੀ ਸੀ।

ਇਸ ਸੈਟ ਦੀ ਦੂਜੀ ਕੈਸੱਟ ਵਿਚ ਭਾ: ਹਰੀ ਸਿੰਘ ਜੀ ਦੇ ਗਾਏ ਹੋਏ ਸੱਤ ਸ਼ਬਦਾਂ ਦਾ ਸੰਯੋਜਨ ਹੈ। ਭਾ: ਹਰੀ ਸਿੰਘ ਜੀ ਦਾ ਨਾਂ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਆਪ ਨਾ ਕੇਵਲ ਅੰਮ੍ਰਿਤਸਰ ਦੇ ਕੀਰਤਨ ਪ੍ਰੇਮੀਆਂ ਵਿਚ ਬਲਕਿ ਪੰਜਾਬ, ਭਾਰਤ ਅਤੇ ਵਿਸ਼ਵ ਭਰ ਦੇ ਸਿੱਖ ਜਗਤ ਵਿਚ ਸਤਿਕਾਰੇ ਜਾਂਦੇ ਹਨ। ਆਪ ਜੀ ਨੇ ਮੌਜੂਦਾ ਸਮੇਂ ਵਿਚ ਸ੍ਰੀ ਹਰਮਿੰਦਰ ਸਾਹਿਬ ਵਿਖੇ ਸਭ ਤੋਂ ਵਧੇਰ ਲੰਮੇ ਸਮੇਂ ਤਕ ਕੀਰਤਨ ਦੀ ਸੇਵਾ ਨਿਭਾਈ ਹੈ ਅਤੇ ਪਿਛਲੇ ਕੁਝ ਸਾਲਾਂ ਤੋਂ ਸੇਵਾ ਮੁਕਤ (ਰਿਟਾਇਰਡ) ਹੋ ਜਾਣ ਉਪਰੰਤ ਵੀ ਸ਼੍ਰੋ: ਗੁ: ਪ੍ਰ: ਕਮੇਟੀ ਦੀ ਰਜ਼ਾਮੰਦੀ ਨਾਲ ਸਵੈ ਇੱਛਾ ਅਨੁਸਾਰ ਕੀਰਤਨ ਦੀ ਸੇਵਾ ਨਿਭਾ ਰਹੇ ਹਨ, ਆਪ ਜੀ ਦੀ ਕੀਰਤਨ ਸ਼ੈਲੀ ਅਤੇ ਰੀਤਾਂ ਤੋਂ ਇਹ ਪ੍ਰਭਾਵ ਮਿਲਦਾ ਹੈ ਜਿਵੇਂ ਕਈ ਰੀਤਾਂ ਸ੍ਰੀ ਗੁਰੂ ਸਹਿਬਾਨ ਦੇ ਸਮੇਂ ਕਾਲ ਤੋਂ ਸੀਨਾ-ਬ-ਸੀਨਾ ਚਲਦੀਆਂ ਆ ਰਹੀਆਂ ਹੋਣ।

ਆਪ ਜੀ ਨੇ ਪਹਿਲਾ ਸ਼ਬਦ ਪੜਤਾਲ ਵਿਚ ਗਾਇਨ ਕੀਤਾ ਹੈ। ਬੋਲ ਹਨ ,,ਹਰਿ ਜਨੁ ਬੋਲਤ ਸ੍ਰੀ ਰਾਮ ਨਾਮ, ਮਿਲਿ ਸਾਧ ਸੰਗਤ ਹਰਿ ਤੋਰ ॥" ਇਹ ਸ਼ਬਦ

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪੰਨਾ 1265 ਅਧੀਨ "ਮਲਾਰ ਮਹਲਾ 5 ਪੜਤਾਲ ਘਰ 3" ਹੇਠ ਅੰਕਿਤ ਹੈ। ਇਹ ਬੜੀ ਪ੍ਰਸੰਨਤਾ ਦੀ ਗੱਲ ਹੈ ਕਿ ਆਪ ਜੀ ਨੇ ਪੜਤਾਲ ਵਿਚ ਉਚਾਰੇ ਗਏ ਸ਼ਬਦ ਨੂੰ ਪੜਤਾਲ ਦੇ ਰੂਪ ਵਿਚ ਹੀ ਗਾਇਨ ਕੀਤਾ ਹੈ। ਅਜੋਕੇ ਰਾਗੀ ਜਥਿਆਂ ਵਿਚ ਕੇਵਲ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਤੇ ਭਾਈ ਚਤਰ ਸਿੰਘ ਜੀ ਹੀ ਸਮੇਂ ਸਮੇਂ ਪੜਤਾਲਾਂ ਦਾ ਗਾਇਨ ਕਰਦੇ ਹਨ ਅਤੇ ਇਸ ਖੇਤਰ ਵਿਚ ਆਪ ਜੀ ਵੀ ਬੜੇ ਮਾਹਿਰ ਹਨ ਅਤੇ ਵਧਾਈ ਦੇ ਪਾਤਰ ਵੀ।

ਆਪ ਜੀ ਦੁਆਰਾ ਗਾਇਨ ਕੀਤਾ ਗਿਆ ਦੂਸਰਾ ਸ਼ਬਦ ਹੈ "ਨਾ ਇਹ ਮਾਨਸ ਨਾ ਇਹ ਦੇਉ" ਇਹ ਭਗਤ ਕਬੀਰ ਜੀ ਦੀ ਰਚਨਾ ਹੈ ਅਤੇ ਇਹੋ ਪੰਕਤੀ ਕੈਸੇਟ ਦੇ ਕਵਰ 'ਤੇ ਅੰਕਿਤ ਹੈ, ਜਦਕਿ ਆਪ ਜੀ ਨੇ ਇਸ ਸ਼ਬਦ ਦੀ ਟੇਕ "ਰਾਮ ਮੰਦਿਰ ਮੈਂ ਕੌਨ ਬਸਾਈ, ਤਾ ਕਾ ਅੰਤ ਨਾ ਕੋਊ ਪਾਈ" ਰੱਖੀ ਹੈ। ਇਸ ਸ਼ਬਦ ਦੀ ਧੁਨ ਕਹਿਰਵਾ ਤਾਲ ਵਿਚ ਨਿਬੱਧ ਹੈ। ਜਦ ਆਪ ਜੀ ਅਸਥਾਈ ਸਮਾਪਤ ਕਰਨ ਸਮੇਂ 'ਕੌਨ ਬਸਾਈ, ਕੌਨ ਬਸਾਈ, ਕੌਨ ਬਸਾਈ" ਤਿੰਨ ਵਾਰ ਉਚਾਰਦੇ ਹਨ ਤਾਂ ਬਹੁਤ ਹੀ ਸੁੰਦਰ ਲਗਦਾ ਹੈ। ਇਹ ਸ਼ਬਦ ਵਰਤਮਾਨ ਰਾਗੀ ਜਥਿਆਂ ਪਾਸੋਂ ਕਦੀ ਨਹੀਂ ਸੁਣਨ ਨੂੰ ਮਿਲਦਾ।

ਇਸ ਕੈਸੇਟ ਦੀ "ਏ ਸਾਈਡ" ਦਾ ਅੰਤਲਾ ਸ਼ਬਦ ਹੈ—"ਆਸਾ ਸ਼ੇਖ ਫਰੀਦ ਜੀਉ ਕੀ ਬਾਣੀ" ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 488 ਅਧੀਨ ਅੰਕਿਤ "ਦਿਲਹੁ ਮੁਹਬਤਿ ਜਿੰਨ ਸੇਈ ਸਚਿਆ" ਇਸ ਸ਼ਬਦ ਦਾ ਅਰੰਭ ਆਪ ਜੀ ਨੇ "ਖੈਰ ਦੀਜੈ ਬੰਦਗੀ" ਪੰਕਤੀ ਦੁਆਰਾ ਕੀਤਾ ਹੈ। 7 ਮਾਤ੍ਰਾ ਦੇ ਰੂਪਕ ਤਾਲ ਵਿਚ ਨਿਬਧ, ਇਹ ਸ਼ਬਦ ਆਪ ਜੀ ਨੇ ਰਾਗ ਮਾਲਕੌਂਸ ਵਿਚ ਗਾਇਨ ਕੀਤਾ ਹੈ ਅਤੇ ਠੀਕ ਹੀ ਠੀਕ ਹੈ।

"ਬੀ ਸਾਈਡ" ਦਾ ਪ੍ਰਥਮ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਮਹਾਨ ਰਚਨਾ "ਸੁਖਮਨੀ ਸਾਹਿਬ" 'ਚੋਂ ਹੈ। ਬੋਲ ਹਨ "ਸਾਸਿ ਸਾਸਿ ਸਿਮਰਉ ਗੋਬਿੰਦ।" ਇਸ ਸ਼ਬਦ ਦੀ ਰੀਤ ਤੋਂ ਲਲਿਤ, ਭਟਿਆਰ ਅਤੇ ਬਿਭਾਸ ਰਾਗਾਂ ਦੀ, ਜੋ ਕਿ ਅੰਮ੍ਰਿਤ ਵੇਲੇ ਦੇ ਰਾਗ ਹਨ, ਦੀ ਝਲਕ ਮਿਲਦੀ ਹੈ, ਰੂਪਕ ਤਾਲ ਵਿਚ ਹੀ ਨਿਬੱਧ ਇਸ ਸ਼ਬਦ ਨੂੰ ਜੇ ਸਵੇਰੇ ਦੀ ਇਕਾਂਤ ਵਿਚ ਸ੍ਰਵਣ ਕੀਤਾ ਜਾਵੇ ਤਾਂ ਹਿਰਦਾ ਵਿਸਮਾਦ ਦੀ ਅਵਸਥਾ ਵਿਚ ਪੁੱਜ ਜਾਂਦਾ ਹੈ।

ਦੂਜਾ ਸ਼ਬਦ ਹੈ "ਗੁਰ ਕਾ ਦਰਸ਼ਨ ਦੇਖਿ ਦੇਖਿ ਜੀਵਾ,," ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 239-40 ਉੱਪਰ 'ਗਉੜੀ ਮਹਲਾ 5" ਅਧੀਨ ਅੰਕਿਤ ਹੈ ਅਤੇ ਰਹਾਉ ਦੀ ਤੁਕ ਹੈ—"ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ" ਗੁਰੂ ਮੇਰੇ ਪ੍ਰਣ ਸਤਿਗੁਰੂ ਮੇਰੀ ਰਾਸਿ" ਇਹ ਸ਼ਬਦ ਕਹਿਰਵਾ ਤਾਲੇ ਵਿਚ ਨਿਬੱਧ ਹੈ। ਭਾਈ ਸਾਹਿਬ ਦੁਆਰਾ ਗਾਇਨ ਕੀਤਾ ਗਿਆ ਇਹ ਸ਼ਬਦ ਅੰਮ੍ਰਿਤਸਰ ਦੀਆਂ ਸੰਗਤਾਂ ਅਤੇ ਜਲੰਧਰ ਰੇਡੀਉ ਦੇ ਸਰੋਤਿਆਂ ਨੂੰ ਕੰਠ ਹੋ ਗਿਆ ਹੋਵੇਗਾ। ਅਤੇ ਰੀਤ ਵੀ ਯਾਦ ਹੋ ਗਈ

ਹੋਵੇਗੀ ਕਿਉਂਕਿ ਆਪ ਜੀ ਇਸ ਸ਼ਬਦ ਦਾ ਗਾਇਨ ਨਿਤ ਕਰਦੇ ਹੀ ਰਹਿੰਦੇ ਹਨ ਅਤੇ ਜਾਪਦਾ ਹੈ ਕਿ ਇਸ ਸ਼ਬਦ ਨਾਲ ਆਪ ਜੀ ਨੂੰ ਬਹੁਤ ਲਗਾਉ ਹੈ।

ਇਸ "ਸਾਈਡ" ਦਾ ਚੌਥਾ ਸ਼ਬਦ "ਸੱਤੇ ਬਲਵੰਡ ਕੀ ਵਾਰ" ਵਿਚੋਂ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 868 ਉੱਪਰ ਅੰਕਿਤ ਹੈ। ਬੋਲ ਹਨ-"ਧੰਨੁ ਧੰਨੁ ਰਾਮਦਾਸ ਗੁਰੁ, "ਜਿਨਿ ਸਿਰਿਆ ਤਿੰਨ ਸਵਾਰਿਆ" ਇਹ ਸ਼ਬਦ ਦਾਦਰਾ ਤਾਲ ਵਿਚ ਹੀ ਪੜ੍ਹਿਆ ਗਿਆ ਹੈ।

ਇਸ ਕੈਸੱਟ ਦਾ ਅੰਤਲਾ ਸ਼ਬਦ ਹੈ -- "ਗੁਰਮੁਖ ਰੋਮ ਰੋਮ ਹਰਿ ਧਿਆਵੈ" ਇਸ ਸ਼ਬਦ ਨੂੰ ਵੀ ਆਪ ਜੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਚੌਕੀ ਦੌਰਾਨ ਗਾਇਨ ਕਰਦੇ ਰਹਿੰਦੇ ਹਨ। ਪਰੰਤੂ ਕਿਉਂਕਿ ਰਾਗੀ ਜਥੇ ਇਸ ਸ਼ਬਦ ਵੱਲ ਬਹੁਤ ਘੱਟ ਧਿਆਨ ਦਿੰਦੇ ਹਨ। ਇਸ ਲਈ ਆਪ ਜੀ ਇਸ ਸ਼ਬਦ ਨੂੰ ਕੈਸੱਟ ਵਿਚ ਸ਼ਾਮਲ ਕਰਨ ਵਧਾਈ ਦੇ ਪਾਤਰ ਹਨ। ਅਪ੍ਰਚਲਿਤ ਸ਼ਬਦਾਂ ਨੂੰ ਗਾਇਨ ਕਰਨਾ ਚੰਗੀ ਰਵਾਇਤ ਹੈ।

ਤਬਲੇ, ਤੇ ਆਪ ਜੀ ਦੇ ਛੋਟੇ ਭ੍ਰਾਤਾ, ਭਾ: ਸਰਨ ਸਿੰਘ ਜੀ ਦੀ ਸੰਗਤ ਭਾਵੇਂ ਸਾਧਾਰਨ ਹੈ ਪਰ ਆਰੰਭ ਤੋਂ ਅਤੇ ਕਈ ਸਾਲਾਂ ਤੋਂ ਭਾਈ ਸਾਹਿਬ ਨਾਲ ਤਬਲੇ, ਤੇ ਸਾਥ ਦੇਣ ਕਾਰਨ ਮਿਲਤ ਬਣ ਗਈ ਹੈ।

ਇਸ ਸੈਟ ਦੀ ਤੀਜੀ ਕੈਸੱਟ ਦੇ ਕੀਰਤਨੀਏ ਭਾਈ ਨਿਰਮਲ ਸਿੰਘ ਜੀ ਹਨ ਜੋ ਆਪਣੇ ਨਾਂ ਨਾਲ ਖਾਲਸਾ ਤਖ਼ਲੱਸ ਵੀ ਲਗਾਉਂਦੇ ਹਨ। ਵਰਤਮਾਨ ਸਮੇਂ ਵਿਚ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਸੁਰੀਲੇ ਅਤੇ ਸੰਗਤਾਂ ਵਿਚ ਛਾਏ ਜਾਂਦੇ ਰਾਗੀ ਜਥੇ ਵਜੋਂ ਮੰਨੇ ਜਾਂਦੇ ਹਨ।

ਆਪ ਜੀ ਦੀ ਗਾਇਨ ਸ਼ੈਲੀ ਬਾਰੇ ਇਹ ਦੱਸ ਦੇਣਾ ਉਚਿਤ ਹੈ ਕਿ ਆਪ ਜੀ ਦੀ ਆਵਾਜ਼ ਬੜੀ ਭਰਵੀ ਅਤੇ ਸੁਰੀਲੀ ਹੈ ਤੇ ਸਮੇਂ ਸਮੇਂ 'ਤੇ ਸ਼ਾਸਤਰੀ ਸੰਗੀਤ ਦੇ ਉਸਤਾਦ ਗਾਇਕਾਂ ਦੀ ਝਲਕ ਦਿੰਦੀ ਹੈ ਤੇ ਕਈ ਵਾਰ ਗਜ਼ਲ ਗਾਇਕੀ ਦੀ ਵੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਆਪ ਜੀ ਦੀ ਕੀਰਤਨ ਸ਼ੈਲੀ 'ਤੇ ਪਾਕਿਸਤਾਨੀ ਗਜ਼ਲ ਗਾਇਕ ਉਸਤਾਦ ਗੁਲਾਮ ਅਲੀ ਦਾ ਪ੍ਰਤੱਖ ਸੁਭਾਵ ਹੈ। ਸਵਰਗਵਾਸੀ ਭਾਈ ਬਖਸ਼ੀਸ਼ ਸਿੰਘ ਜੀ ਉਪਰੰਤ ਜੇ ਕਿਸੇ ਦੇ ਹਰਮੋਨੀਅਮ ਵਾਦਨ ਵਿਚ ਨਿਪੁੰਨਤਾ 'ਤੇ ਮਿਠਾਸ ਵੇਖੀ ਗਈ ਹੈ, ਤਾਂ ਇਹ ਭਾਈ ਨਿਰਮਲ ਸਿੰਘ ਜੀ ਪਾਸ ਹੈ। ਆਪ ਜੀ ਨਾਲ ਤਬਲਾ ਵਾਦਨ ਭਾਈ ਕਰਤਾਰ ਸਿੰਘ ਜੀ ਹਨ, ਜਿਨ੍ਹਾਂ ਬਾਰੇ ਜੇ ਇਹ ਕਿਹਾ ਜਾਵੇ ਕਿ ਇਸ ਸਮੇਂ ਦੇ ਪੰਥ ਦੇ ਵਧੀਆ ਤਬਲਾ ਵਾਦਕਾਂ ਵਿਚੋਂ ਇਕ ਹਨ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਆਪ ਉਸਤਾਦ ਪੂਰਨ ਚੰਦ ਵਡਾਲੀ ਦੇ ਛੋਟੇ ਭ੍ਰਾਤਾ ਹਨ 'ਤੇ ਅੰਮ੍ਰਿਤ ਛੱਕ ਕੇ ਸਿੰਘ ਸਜੇ ਹੋਏ ਹਨ। ਆਪ ਕਹਿਰਵਾ ਅਤੇ ਦਾਦਰਾ ਤਾਲ ਵਿਚ ਇਤਨੀਆਂ ਸੁੰਦਰ ਲੱਗੀਆਂ ਵਜਾਉਂਦੇ ਹਨ ਕਿ ਹਿਰਦਾ ਪ੍ਰਸੰਨ ਹੋ ਜਾਂਦਾ ਹੈ।

ਭਾਈ ਨਿਰਮਲ ਸਿੰਘ ਜੀ ਨੇ ਆਪਣੀ ਕੈਸੱਟ ਦਾ ਆਰੰਭ ਭਗਤ ਕਬੀਰ ਜੀ ਦੁਆਰਾ ਉਚਾਰ ਗਏ ਪੰਨਾ 1123 ਤੇ ਅੰਕਿਤ ਸ਼ਬਦ—"ਹਰਿ ਕੇ ਨਾਮ ਦੇ ਬਿਆਧਾਰੀ" ਹੀਰਾ ਹਾਥਿ ਚੜਿਆ ਨਿਰਮੋਲਕ, ਛੂਟਿ ਗਈ ਸੰਸਾਰੀ' ਦੁਆਰਾ ਕੀਤਾ ਹੈ। ਇਹ ਬੜੀ ਪ੍ਰਸੰਨਤ ਦੀ ਗੱਲ ਹੈ ਕਿ ਆਪ ਜੀ ਨੇ ਕੇਦਾਰਾ ਰਾਗ ਵਿਚ ਉਚਾਰੇ ਗਏ ਸ਼ਬਦ ਨੂੰ ਉਸੇ ਰਾਗ ਵਿਚ ਗਾਇਨ ਕੀਤਾ ਹੈ। ਇਹ ਸ਼ਬਦ ਤਿੰਨ ਤਾਲ ਵਿਚ ਨਿਬੱਧ ਹੈ ਅਤੇ ਬੜੇ ਸੋਹਣੇ ਢੰਗ ਨਾਲ ਪੜ੍ਹਿਆ ਗਿਆ ਹੈ।

ਇਸ ਕੈਸੱਟ ਦਾ ਦੂਜਾ ਸ਼ਬਦ ਹੈ—"ਜੋਗ ਬਨਿਆ ਤੇਰਾ ਕੀਰਤਨੁ ਗਾਈ,, "ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 385 ਉੱਪਰ ਅੰਕਿਤ ਹੈ ਅਤੇ ਸ੍ਰੀ ਗੁਰੂ ਗਰੰਥ ਅਰਜਨ ਦੇਵ ਜੀ ਨੇ ਉਚਾਰਣ ਕੀਤਾ ਹੈ। ਇਸ ਸ਼ਬਦ ਨੂੰ ਆਪ ਜੀ ਨੇ ਕਵੱਲੀ ਦੇ ਅੰਦਾਜ਼ ਵਿਚ ਕਹਿਰਵ ਤਾਲ ਵਿਚ ਗਾਇਨ ਕੀਤਾ ਹੈ।

ਇਸ ਕੈਸੱਟ ਦਾ ਤੀਜਾ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 190 ਉੱਪਰ—"ਗਾਉੜੀ ਮਹਲਾ 5" ਅਧੀਨ ਅੰਕਿਤ ਹੈ। ਆਪ ਜੀ ਨੇ ਇਸ ਸ਼ਬਦ ਦੀ ਟੇਕ—ਹਰਿ ਕੀਰਤਨੁ ਸੁਣੈ ਹਰਿ ਕੀਰਤਨ ਗਾਵੈ, ਤਿਸੁ ਜਨ ਦੂਖ ਨਿਕਟਿ ਨਹੀਂ ਆਵੈ,," ਰੱਖੀ ਹੈ। ਇਸ ਸ਼ਬਦ ਦਾ ਗਾਇਨ ਸਾਧਾਰਣ ਹੈ।

ਇਸ ਕੈਸੱਟ ਦੀ 'ਬੀ ਸਾਈਡ' ਦਾ ਪਹਿਲਾ ਸ਼ਬਦ ਹੈ "ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ, ਜਿਸ ਨੋ ਕਰਮਿ ਪਰਾਪਤਿ ਹੋਵੈ, ਸੋ ਜਨੁ ਨਿਰਮਲ ਥੀਵੈ,," ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 616 ਉੱਰਪ—'ਸੋਰਠਿ ਮਹਲਾ 5" ਅਧੀਨ ਅੰਕਿਤ ਹੈ। ਇਹ ਸ਼ਬਦ ਦਾਦਰਾ ਤਾਲ ਵਿਚ ਨਿਬੱਧ ਹੈ। ਇਸ ਸ਼ਬਦ ਦੇ ਗਾਇਨ ਸਬੰਧੀ ਇਥੇ ਇਹ ਦੱਸ ਦੇਣਾ ਬਹੁਤ ਹੀ ਉਚਿਤ ਹੋਵਗਾ। ਕਿ ਇਸ ਸ਼ਬਦ ਦੀ ਧੁਨ ਮੂਲ ਰੂਪ ਵਿਚ ਸਵਰਗਵਾਸੀ ਪ੍ਰਖਿਆਤ ਰਾਗੀ ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ ਦੀ ਰਚਨਾ ਹੈ।

ਇਸ ਸਾਇਡ ਦਾ ਦੂਜਾ ਸ਼ਬਦ ਭਗਤ ਰਵੀਦਾਸ ਜੀ ਦੁਆਰਾ ਉਚਾਰਣ ਕੀਤਾ ਹੋਇਆ ਹੈ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 93 ਉੱਪਰ—"ਸ੍ਰੀ ਗੁਰੂ (ਰਵੀਦਾਸ ਜੀਉ)" ਅਧੀਨ ਅੰਕਿਤ ਹੈ ਬੋਲ ਹਨ—"ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ ॥ ਕਨਿਕ ਕਟਿਕ ਜਲ ਤਰੰਗ ਜੈਸਾ" ਇਸ ਸ਼ਬਦ ਦੀ ਸ਼ਬਦਾਵਲੀ ਜਰਾ ਵਿਕਟ ਹੋਣ ਕਾਰਨ ਇਸ ਸ਼ਬਦ ਨੂੰ ਬਹੁਤ ਹੀ ਘੱਟ ਰਾਗੀ ਜੱਥ ਗਾਇਨ ਕਰਦੇ ਹਨ ਪਰ ਭਾਈ ਸਾਹਿਬ ਨੇ ਇਸ ਅਪ੍ਰਚਲਿਤ ਸ਼ਬਦ ਨੂੰ ਇਤਨੇ ਸੁਹਜ ਅਤੇ ਸੁਆਦ ਨਾਲ ਗਾਇਨ ਕੀਤਾ ਹੈ ਕਿ ਇਸ ਸ਼ਬਦ ਨੂੰ ਇਸ ਕੈਸੱਟ ਦਾ ਸ਼ਾਹਕਾਰ ਮੰਨਿਆ ਜਾ ਸਕਦਾ ਹੈ।

ਇਸ ਕੈਸੱਟ ਦਾ ਆਖਰੀ ਸ਼ਬਦ ਹੈ—"ਇਹੁ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੇ ਕਿਆ ਤੁਧੁ ਕਰਮੁ ਕਮਾਇਆ,," ਇਹ ਸ਼ਬਦ ਵੀ ਕਹਿਰਵਾ ਤਾਲ ਵਿਚ ਨਿਬੱਧ ਹੈ ਅਤੇ ਭਾਈ ਸਾਹਿਬ ਨੇ ਆਪਣੇ ਨਵੇਕਲੇ ਅੰਦਾਜ਼ ਵਿਚ ਗਾਇਨ ਕੀਤਾ ਹੈ।

ਸਮੁੱਚੇ ਤੌਰ 'ਤੇ ਕੈਸੱਟ ਸੁਹਣੀ ਬਣ ਆਈ ਹੈ ਪਰ ਤਬਲਾ ਵਾਦਨ ਨੂੰ ਲੱਗੀਆਂ ਵਜਾਉਣ ਦੀ ਸੁਤੰਤਰਾ ਨਹੀਂ ਦਿਤੀ ਗਈ, ਜੋ ਕਿ ਲੋੜੀਂਦੀ ਸੀ।

ਇਸ ਕੇਸੱਟ ਦੀ ਚੌਥੀ ਕੇਸੱਟ ਦੇ ਰਾਗੀ ਭਾਈ ਰਵਿੰਦਰ ਸਿੰਘ ਜੀ ਹਨ।

ਆਪ ਜੀ ਦੀ ਕੈਸੱਟ ਦੀ 'ਏ ਸਾਈਡ' ਦਾ ਪਹਿਲਾ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰੀ ਗਈ ਬਾਣੀ 'ਸੁਖਮਨੀ ਸਾਹਿਬ'' ਚੋਂ ਹੈ। ਬੋਲ ਹਨ ''ਚਰਨ ਚਲਉ ਮਾਰਗਿ ਗੋਬਿੰਦ'' ਧੁਨ ਸਾਧਾਰਣ ਹੈ ਅਤੇ ਸ਼ਬਦ ਨੂੰ ਸਮਾਪਤੀ ਸਮੇਂ ਬਹੁਤ ਲਮਕਾ ਕੇ ਪੜ੍ਹਿਆ ਗਿਆ ਹੈ।

ਇਸ ਸਾਈਡ ਦੇ ਦੂਜੇ ਸ਼ਬਦ ਦੀ ਟੇਕ ਆਪ ਜੀ ਨੇ ਰਹਾਉ ਦੀ ਤੁੱਕ ਨੂੰ ਹੀ ਰਖਿਆ ਹੈ। ਸ਼ਬਦ ਹੈ ''ਬੋਲਹੁ ਰਾਮੁ ਕਰੇ ਨਿਸਤਾਰਾ॥ ਗੁਰਪ੍ਰਸਾਦਿ ਰਤਨੁ ਹਰਿ ਲਾਭੈ, ਮਿਟੈ ਅਗਿਆਨ ਹੋਇ ਉਜੀਆਰਾ॥'' ਇਹ ਸ਼ਬਦ 'ਆਸਾ ਮਹਲਾ 1'' ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 353 ਉੱਪਰ ਅੰਕਿਤ ਹੈ। ਚਲੰਤ ਕਹਿਰਵੇ ਤਾਲ ਵਿਚ ਗਾਇਨ ਕੀਤੇ ਗਏ ਇਸ ਸ਼ਬਦ ਦੀ ਰੀਤ ਖਾਸ ਪ੍ਰਭਾਵਿਤ ਨਹੀਂ ਕਰਦੀ। ਵੈਸੇ ਇਹ ਸ਼ਬਦ ਅਪ੍ਰਚਲਿਤ ਹੈ।

ਇਸ ਸਾਈਡ ਦਾ ਤੀਜਾ ਤੇ ਅੰਤਲਾਂ ਸ਼ਬਦ ਹੈ ''ਜੇ ਰਾਜ ਦੇ ਤਾਂ ਕਵਨ ਵਡਾਈ॥'' ਇਹ ਸ਼ਬਦ ਭਗਤ ਨਾਮਦੇਵ ਜੀ ਦੁਆਰਾ ਉਚਾਰਣ ਕੀਤਾ ਗਿਆ ਹੈ, ਕਹਿਰਵੇ ਤਾਲ ਵਿਚ ਨਿਬੱਧ ਇਸ ਸ਼ਬਦ ਦੀ ਰੀਤ ਵੀ ਸਾਧਾਰਣ ਹੈ।

'ਬੀ ਸਾਈਡ' ਦਾ ਪਹਿਲਾ ਸ਼ਬਦ ਹੈ 'ਪ੍ਰਭ ਕਿਰਪਾ ਤੇ ਮਨੁ ਵਸੁ ਆਇਆ॥'' ਇਹ ਸ਼ਬਦ ਸਬੰਧੀ ਵੀ ਕੁਝ ਵਿਸ਼ੇਸ਼ ਨਹੀਂ ਲਿਖਿਆ ਜਾ ਸਕਦਾ।

ਇਸ ਸਾਈਡ ਦਾ ਦੂਜਾ ਸ਼ਬਦ ''ਮਹਲਾ 5 (ਆਸਾ ਧੰਨਾ ਜੀ)'' ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 487-88 ਅਧੀਨ ਅੰਕਿਤ। ਇਸ ਸ਼ਬ ਨੂੰ ਆਮ ਰਾਗੀ ਸਿੰਘ ''ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਨਾ॥'' ਟੇਕ ਰੱਖ ਕੇ ਗਾਇਨ ਕਰਦੇ ਹਨ ਜੋ ਕਿ ਰਹਾਉ ਦੀ ਤੁੱਕ ਹੈ। ਪਰੰਤੂ ਆਪ ਜੀ ਨੇ ਇਸ ਸ਼ਬਦ ਦਾ ਗਾਇਨ ''ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥'' ਟੇਕ ਰੱਖ ਕੇ ਕੀਤਾ ਹੈ।

'ਬੀ ਸਾਈਡ' ਦਾ ਅੰਤਲਾ ਸ਼ਬਦ ਹੈ -''ਮੋਹਿ ਲਾਗਤੀ ਤਾਲਾਬੇਲੀ'' ਬਛਰੇ ਬਿਨੁ ਗਾਇ ਅਕੇਲੀ,'' ਇਹ ਸ਼ਬਦ -''ਗੋਂਡ (ਨਾਮਦੇਉ ਜੀ)'' ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 874 ਉੱਪਰ ਅੰਕਿਤ ਹੈ। ਭਾਵੇਂ ਇਹ ਸ਼ਬਦ ਵੀ ਅਪ੍ਰਚਲਿਤ ਹੈ, ਪਰ ਗਾਇਨ ਪੱਖੋਂ ਪ੍ਰਭਾਵਿਤ ਨਹੀਂ ਕਰਦਾ।

ਸ੍ਰੀ ਹਰਿਮੰਦਰ ਸਾਹਿਬ ਵਿਚ ਹੋਰ ਵੀ ਰਾਗੀ ਜਥੇ ਹਨ ਜੋ ਕਿ ਬੜਾ ਵਧੀਆ ਕੀਰਤਨ ਕਰਦੇ ਹਨ, ਜਿਵੇਂ ਕਿ ਭਾਈ ਬਲਦੇਵ ਸਿੰਘ ਜੀ, ਭਾਈ ਸੁਰਜੀਤ ਸਿੰਘ ਜੀ, ਭਾਈ ਜਸਵੰਤ ਸਿੰਘ ਜੀ ਆਦਿ। ਖੈਰ।

ਇਨ੍ਹਾਂ ਚਾਰ ਕੇਸੱਟਾਂ ਦੇ ਸੈਟ ਨੂੰ ਰੀਲੀਜ਼ ਕਰਨ ਲਈ 'ਮਿਊਜ਼ਿਕ ਟੁਡੇ' ਅਤੇ

'ਇੰਡੀਆ ਟੂਡੇ' ਦੇ ਪ੍ਰਬੰਧਕਾਂ ਦਾ ਜਿਤਨਾ ਵੀ ਧੰਨਵਾਦ ਕੀਤਾ ਜਾਵੇ ਘੱਟ ਹੈ। ਜੋ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰਨਾ ਚਾਹੀਦਾ ਸੀ, ਉਹ ਇਨ੍ਹਾਂ ਨੇ ਕਰ ਵਿਖਾਇਆ ਹੈ।

ਚਾਰ ਕੈਸੱਟਾਂ ਦਾ ਸੈਟ ਇਕ ਅਤਿ ਸੁੰਦਰ ਕਵਰ ਵਿਚ ਪੇਸ਼ ਕੀਤਾ ਗਿਆ ਹੈ ਜਿਸ ਉੱਪਰ ਸ੍ਰੀ ਹਰਿਮੰਦਰ ਸਾਹਿਬ ਦੀ ਬੜੀ ਹੀ ਦਿਲ ਖਿੱਚਵੀ ਤਸਵੀਰ ਹੈ ਜੋ ਕਿ ਜਰਮਨੀ ਦੇ ਪ੍ਰਸਿਧ ਛਾਪਾਕਾਰ ਡਾ. ਜੇਰੋਸਲਵ ਪੋਨਕਾਰ ਨੇ ਖਿਚੀ ਹੈ, ਇਹੀ ਤਸਵੀਰ ਹਰ ਕੈਸੱਟ ਦੇ ਉੱਪਰ ਛੋਟੇ ਰੂਪ ਵਿਚ ਦਿਤੀ ਗਈ ਹੈ। ਹਰ ਕੈਸੱਟ ਦੇ ਉੱਪਰ ਅੰਗਰੇਜ਼ੀ ਵਿਚ, ਗਾਇਨ ਕੀਤ ਗਏ ਸ਼ਬਦਾਂ ਦੀ ਸੂਚੀ ਦਿਤੀ ਗਈ ਹੈ। ਅੰਦਰ ਕਵਰ ਵਿਚ ਪਹਿਲਾਂ ਪੰਜਾਬੀ ਵਿਚ ਮੂਲ ਮੰਤਰ ਅਤੇ ਫਿਰ ਅੰਗਰੇਜ਼ੀ ਵਿਚ ਮੂਲ ਮੰਤਰ ਦਾ ਅਨੁਵਾਦ। ਇਸ ਮਗਰੋਂ ਰਾਗੀ ਸਿੰਘਾਂ ਦਾ ਨਾਂ ਅਤੇ ਹਰਮੋਨੀਅਮ ਦੇ ਸਾਥੀ ਅਤੇ ਤਬਲਾ ਵਾਦਕ ਦਾ ਨਾਂ ਵੀ ਦਿਤਾ ਗਿਆ ਹੈ। ਇਸ ਪੱਖ ਵੱਲ ਆਮ ਮਿਊਜ਼ਿਕ ਕੰਪਨੀਆਂ ਧਿਆਨ ਨਹੀਂ ਦਿੰਦੀਆਂ।

ਕੈੱਸਟਾਂ ਦੀ ਰਿਕਾਰਡਿੰਗ ਬੜੇ ਉੱਚੇ ਸਤੱਰ ਦੀ ਹੈ ਅਤੇ ਇਸੇ ਲਈ ਮੁੱਲ ਵੀ ਪ੍ਰਤੀ ਕੈੱਸਟ 55 ਰੁਪਏ ਰਖਿਆ ਗਿਆ ਹੈ। ਇਹ ਚਾਰ ਕੈੱਸਟਾਂ ਕੇਵਲ ਸੈਟ ਦ ਰੂਪ ਵਿਚ ਹੀ ਉਪਲਬੱਧ ਹਨ ਤੇ ਮੁੱਲ 220 ਰੁਪਏ ਹੈ। ਇਹ ਸੈਟ ਹਰ ਦਸ਼ ਵਿਦੇਸ਼ ਦੇ ਕੀਰਤਨ ਪ੍ਰੇਮੀ ਦੇ ਘਰ ਦਾ ਸ਼ਿੰਗਾਰ ਬਣਨਾ ਚਾਹੀਦਾ ਹੈ, ਕਿਉਂਕਿ ਇਸ ਦੇ ਕੁਝ ਪ੍ਰਤੱਖ ਲਾਭ ਹੋਣਗੇ ਸਰਵ ਪ੍ਰਥਮ, ਸ੍ਰੀ ਹਰਿਮੰਦਰ ਸਾਹਿਬ ਦਾ ਕੀਰਤਨ ਜਿੱਥੇ ਨਹੀਂ ਸੁਣਿਆ ਜਾ ਸਕਦਾ, ਉੱਥੇ ਵੀ ਸ੍ਰਵਣ ਕੀਤਾ ਜਾ ਸਕੇਗਾ, ਦੂਸਰੇ ਸੈਟ ਦੀ ਵਿਕਰੀ ਭਾਰੀ ਮਾਤ੍ਰਾ ਨਾਲ ਹੋਣ ਨਾਲੇ "ਮਿਊਜ਼ਿਕ ਟੂਡੇ" ਦੇ ਪ੍ਰਸਤੁਤ ਕਰਤਾਵਾਂ ਨੂੰ ਪਤਾ ਲਗੇਗਾ ਕਿ ਸਿੱਖ ਆਪਣੇ ਕੀਰਤਨ ਨਾਲ ਕਿਤਨਾ ਲਗਾਉ ਅਤੇ ਪ੍ਰੇਮ ਰੱਖਦੇ ਹਨ, ਇਸ ਨਾਲ ਇਹ ਸੰਭਾਵਨਾ ਰੱਖੀ ਜਾ ਸਕਦੀ ਹੈ ਕਿ ਛੇਤੀ ਹੀ ਉਹ ਇਸੇ ਪ੍ਰਕਾਰ ਦੇ ਹੋਰ ਮਿਆਰੀ ਸੈਟ ਰਿਲੀਜ਼ ਕਰਨਗੇ। ਜੇ ਕੀਰਤਨ ਪ੍ਰੇਮੀਆਂ ਵਲੋਂ ਉਤਸ਼ਾਹ ਭਰਿਆ ਹੁੰਗਾਰਾ ਮਿਲਿਆ ਤਾਂ ਹੀ ਇਹ ਕਾਰਜ ਨੇਪਰੇ ਚੜ੍ਹ ਸਕਦਾ ਹੈ।

ਜੇ ਇਸ ਕੈੱਸਟਾਂ ਦੇ ਸੈਟ ਨੂੰ, ਭਰਵੀਂ ਸਫਲਤਾ ਮਿਲਦੀ ਹੈ, ਤਾਂ ਸਾਡਾ "ਮਿਊਜ਼ਿਕ ਟੂਡੇ" ਦੇ ਪ੍ਰਬੰਧਕਾਂ ਨੂੰ ਇਹ ਸੁਝਾਓ ਹੈ ਕਿ ਆਉਣ ਵਾਲੇ ਸੈਟਾਂ ਵਿਚ ਹੇਠ ਲਿਖੇ ਰਾਗੀ ਜਥਿਆਂ ਦੇ ਕੀਰਤਨ ਨੂੰ ਸੰਜੋਇਆ ਜਾਵੇ।

ਪਹਿਲਾ ਚਾਰ ਕੈੱਸਟਾਂ ਦਾ ਸੈਟ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਬੀਰ ਸਿੰਘ ਜੀ ਦਾ ਹੋਵੇ ਜਿਸ ਵਿੱਚ ਆਪ ਦਸਮ ਗਰੰਥ ਦੀ ਬਾਣੀ ਦਾ ਗਾਇਨ ਕਰਨ ਵਿਚ ਬੜੇ ਨਿਪੁੰਨ ਹਨ ਅਤੇ ਹੋਰ ਬਾਣੀਆਂ ਤੋ ਇਲਾਵਾ, ਆਪ ਜੀ ਨੂੰ ਦਸਮ ਗਰੰਥ ਦੀ ਬਾਣੀ ਲਗਭਗ ਪੂਰਨ ਕੰਠ ਹੈ।

ਇਸ ਮਗਰੋਂ ਡਾ: ਜਾਗੀਰ ਸਿੰਘ, ਡਾ: ਗੁਰਨਾਮ ਸਿੰਘ, ਭਾਈ ਸੁਰਜੀਤ ਸਿੰਘ ਰੰਗੀਲਾ, ਭਾਈ ਅਮਰੀਕ ਸਿੰਘ ਜ਼ਖਮੀ, ਡਾ: ਦਿਲਬਾਗ ਸਿੰਘ, ਡਾ: ਗੁਲਬਾਗ ਸਿੰਘ,

ਭਾਈ ਹਰਚਰਨ ਸਿੰਘ ਫੱਕਰ, ਪ੍ਰਿ: ਬਲਦੇਵ ਸਿੰਘ, ਭਾਈ ਗੁਰਚਰਨ ਸਿੰਘ, ਅਵਤਾਰ ਸਿੰਘ ਦਿਲੀ, ਭਾਈ ਤ੍ਰਿਲੋਚਨ ਸਿੰਘ ਦਿਲੀ, ਭਾਈ ਅੰਗਦ ਸਿੰਘ ਜੀ, ਭਾਈ ਚਤਰ ਸਿੰਘ ਜੀ, ਭਾਈ ਹਰਚਦ ਸਿੰਘ ਜੀ ਲੁਧਿਆਣੇ ਵਾਲੇ, ਭਾਈ ਸੋਹਣ ਸਿੰਘ ਜੀ ਰਸੀਆ ਅਮਰੀਕਾ ਵਾਲੇ, ਭਾਈ ਗੁਰਮੇਲ ਸਿੰਘ ਜੀ ਅਮਰੀਕਾ ਵਾਲੇ (ਸਾਬਕ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ), ਭਾਈ ਸਾਧੂ ਸਿੰਘ ਦੇਹਰਾਦੂਨ ਵਾਲੇ, ਭਾਈ ਅਮਰਜੀਤ ਸਿੰਘ ਪਟਿਆਲੇ ਵਾਲੇ, ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ, ਭਾਈ ਹਰ ਜੰਦਰ ਸਿਘ ਜੀ ਸ੍ਰੀਨਗਰ ਵਾਲੇ ਭਾਈ ਮਹਿੰਦਰਜੀਤ ਸਿੰਘ ਦਿਲੀ ਵਾਲੇ, ਸੰਤ ਨਿਰੰਜਣ ਸਿੰਘ ਜੀ, ਜਵੱਦੀ ਕਲਾਂ ਅਤੇ ਸੰਤ ਅਨੂਪ ਸਿੰਘ ਊਨਾ ਸਾਹਿਬ ਵਾਲਿਆ ਦਾ ਕੀਰਤਨ ਪੇਸ਼ ਕੀਤਾ ਜਾਵੇ।

ਸਾਡਾ ਇਹ ਸੁਝਾਓ "ਮਿਊਜ਼ਿਕ ਟੂਡੇ" ਦੇ ਪ੍ਰਬਧਕਾਂ ਨੂੰ ਤਾਂ ਹੀ ਜਚੇਗਾ ਜੇ ਹਥਲੇ ਸੈਟ ਦੀ ਵਿਕਰੀ ਭਾਰੀ ਮਾਤਰਾ ਵਿਚ ਹੋਵੇ। ਇਹ ਸੈਟ ਜਨਮ ਦਿਨ, ਵਿਆਹ ਸ਼ਾਦੀ ਅਤੇ ਹੋਰ ਖੁਸ਼ੀ ਦੇ ਅਫਸਰਾਂ ਤੇ ਆਪਣੇ ਸਬੰਧੀਆਂ ਤੇ ਮਿਤ੍ਰਾਂ ਨੂੰ ਸੁਗਾਤ ਵਜੋਂ ਭੇਂਟ ਕੀਤਾ ਜਾ ਸਕਦਾ ਹੈ। ਜੇ ਆਪਣ ਸ਼ਹਿਰ ਦੀਆਂ ਮਿਊਜ਼ਿਕ ਕੈਸੱਟਾਂ ਦੀਆਂ ਦੁਕਾਨਾਂ 'ਤੇ ਇਹ ਸੈਟ ਪ੍ਰਾਪਤ ਕਰਨ ਵਿਚ ਕੋਈ ਕਠਿਨਾਈ ਹੋਵੇ ਤਾਂ 210 ਰੁਪਏ ਦਾ ਮਨੀਆਰਡਰ, ਡਰਾਫਟ ਜਾਂ ਚੈੱਕ ਹਠ ਲਿਖੇ ਪਤੇ 'ਤੇ ਭੇਜ ਕੇ ਇਹ ਸੈਟ ਡਾਕ ਰਾਹੀਂ ਜਾਂ ਕੋਰੀਅਰ ਸਰਵਿਸ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।

Music Today, P.O. Box-29,
New Delhi-110001.

# ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ' ਮੈਗਜ਼ੀਨ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ ਥੋਹੜੀ ਹੈ। ਇਸ ਵਿਚ ਛਪੀਆਂ ਪੁਰਾਤਨ ਕੀਰਤਨੀਆਂ ਦੀਆਂ ਜੀਵਨੀਆਂ ਅਤੇ ਇੰਟਰਵਿਊ ਬਹੁਤ ਪਸੰਦ ਆਏ। ਨਵੇਂ ਕੀਰਤਨੀਆਂ ਬਾਰੇ ਸਮੇਂ-ਸਮੇਂ ਛਾਪਦੇ ਰਿਹਾ ਕਰੋ।

—ਮਾਸਟਰ ਬਲਵਿੰਦ ਸਿੰਘ,
ਰਾਏਕੋਟ ਲੁਧਿਆਣਾ।

'ਅੰਮ੍ਰਿਤ ਕੀਰਤਨ' ਮੈਗਜ਼ੀਨ ਇਕ ਧਰਮ ਕਾਰਜ ਹੈ। ਅਸੀਂ ਵੀ ਇਸ ਵਿਚ ਆਪਣਾ ਯੋਗਦਾਨ ਭੇਜ ਰਹੇ ਹਾਂ। ਵਾਹਿਗੁਰੂ ਇਸ ਨੂੰ ਨਿਰੰਤਰ ਜਾਰੀ ਰਖੇ।

ਸੁਰਜੀਤ ਸਿੰਘ ਰਿਖੀ,
ਰਮਨ ਸ਼ਰਮਾ [ਐਡਵੋਕੇਟ]

'ਅੰਮ੍ਰਿਤ ਕੀਰਤਨ' ਦੀ ਹਮੇਸ਼ਾ ਉਡੀਕ ਰਹਿੰਦੀ ਹੈ। ਚੰਦਾ ਭੇਜ ਰਹੇ ਹਾਂ।

—ਦਲਜੀਤ ਸਿੰਘ,
ਸਿੰਦਰੀ ਧਨਾਵਾਦ।

'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

— ਹਰਭਜਨ ਸਿੰਘ ਚੋਪੜਾ,
ਬਰਮਾ।

'ਅੰਮ੍ਰਿਤ ਕੀਰਤਨ' ਕਾਫੀ ਦੇਰ ਪੜ੍ਹਦਾ ਹਾਂ। ਇਹ ਬੜਾ ਲਾਭਦਾਇਕ ਮੈਗਜ਼ੀਨ ਹੈ।

—ਜਰਨੈਲ ਸਿੰਘ ਸਪੁਤਰ ਸ੍ਰ. ਰੱਖਾ ਸਿੰਘ
ਸੰਤੋਖਗੜ੍ਹ, ਜ਼ਿਲਾ ਊਨਾ

'ਅੰਮ੍ਰਿਤ ਕੀਰਤਨ' ਮੈਗਜ਼ੀਨ ਨੇ ਸਾਡੇ ਲਈ ਇਕ ਨਵਾਂ ਸੰਸਾਰ ਰਚ ਦਿਤਾ ਹੈ। ਆਪ ਦੇ ਕੀਰਤਨ ਦੀਆਂ ਕੈਸੇਟਾਂ 'ਬਮੇ ਕੋਇ ਨਾ ਸਾਧ ਬਿਨ' ਅਤੇ 'ਕਲਿ ਤਾਰਨ ਨਾਨਕ ਅਵਤਾਰਾ' ਸੁਣੀਆਂ ਮਨ ਬਹੁਤ ਪ੍ਰਸੰਨ ਹੋਇਆ। ਵਾਹਿਗੁਰੂ ਆਪ ਨੂੰ ਕੀਰਤਨ ਇਸੇ ਤਰ੍ਹਾਂ ਸੇਵਾ ਕਰਨ ਦਾ ਬਲ ਅਤੇ ਬੁਧੀ ਬਖਸ਼ੇ।

—ਤਰਲੋਚਨ ਸਿੰਘ ਖੰਨਾ,
ਬੰਬਈ।

# ਰਾਗ ਬਿਲਾਵਲੁ

ਗੁਰੂ ਗਰੰਥ ਸਾਹਿਬ ਦੇ ਰਾਗ-ਭੇਦ ਅਨੁਸਾਰ ਬਿਲਾਵਲੁ ਰਾਗ ਦੇ ਅਧੀਨ ਨਿਮਨ ਲਿਖਤ ਪ੍ਰਕਾਰ ਹੋਰ ਉਪਲਬੱਧ ਹੁੰਦੇ ਹਨ।

(ੳ) ਬਿਲਾਵਲੁ ਦਖਣੀ

(ਅ) ਬਿਲਾਵਲੁ ਮੰਗਲ

ਇਨ੍ਹਾਂ ਦੇ ਸਰੂਪ ਸਬੰਧੀ ਵਿਚਾਰ ਕਰਨ ਤੋਂ ਪੂਰਵ ਇਸਦੇ ਮੁਖ ਰਾਗ ਬਿਲਾਵਲ ਸਬੰਧੀ ਜਾਣ ਲੈਣਾ ਅਤਿ ਜਰੂਰੀ ਹੈ।

ਬਿਲਾਵਲ ਬੜਾ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ। ਮੱਧਕਾਲ ਦੇ ਲਗਭਗ ਹਰੇਕ ਗਰੰਥਕਾਰ ਨੇ ਇਸ ਰਾਗ ਦਾ ਉਲੇਖ ਕੀਤਾ ਹੈ। ਸੰਸਕ੍ਰਿਤ ਗਰੰਥਕਾਰ ਇਸ ਨੂੰ ਵੇਲਾਵਲੀ, ਵਿਲਾਵਲੀ ਜਾਂ ਬਿਲਾਵਲੀ ਕਹਿੰਦੇ ਹਨ। ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਦਾ ਕਥਨ ਹੈ ਕਿ 'ਕੋਈ ਕੋਈ ਬਿਲਾਵਲ ਅਤੇ ਬਿਲਾਵਲੀ ਨੂੰ ਭਿੰਨ ਭਿੰਨ ਰਾਗ ਮੰਨਦੇ ਹਨ ਪਰੰਤੂ ਅਜਿਹਾ ਨਹੀਂ ਹੋ ਸਕਦਾ।' ਪੰਡਿਤ ਭਾਤਖੰਡੇ ਦੇ ਵਿਚਾਰ ਦਾ ਸਪਸ਼ਟ ਭਾਵ ਇਹੋ ਹੈ ਕਿ ਇਹੋ ਇਕ ਹੀ ਰਾਗ ਦੇ ਵਖੋ ਵਖਰੇ ਨਾਮ ਹਨ ਕੇਵਲ ਉਚਾਰਣ ਵਿਚ ਹੀ ਭੇਦ ਹੈ।

ਬਿਲਾਵਲ, ਬਿਲਾਵਲ ਥਾਟ ਦਾ ਪ੍ਰਮੁਖ ਰਾਗ ਹੈ। ਇਸ ਰਾਗ ਵਿਚ ਸਭ ਸ਼ੁੱਧ ਸੁਰ ਲਗਦੇ ਹਨ, ਪਰ ਕਦੇ ਕਦੇ ਧੈਵਤ ਦੇ ਸੰਜੋਗ ਨਾਲ ਨਿਸ਼ਾਦ ਕੋਮਲ ਕਣ ਦੇ ਰੂਪ ਵਿਚ ਅਵਰੋਹ ਵਿਚ ਲਿਆ ਜਾਂਦਾ ਹੈ। ਕਈ ਵਿਦਵਾਨ ਇਸ ਰਾਗ ਵਿਚ ਕੋਮਲ ਨਿਸ਼ਾਦ ਦੀ ਸਪਸ਼ਟ ਵਰਤੋਂ ਵੀ ਕਰਦੇ ਹਨ। ਕਈ ਲੇਖਕ ਇਸ ਰਾਗ ਵਿਚ ਕੋਮਲ ਗੰਧਾਰ ਦੀ ਵਰਤੋਂ ਕਰਨ ਦੇ ਹਾਮੀ ਹਨ ਪਰ ਬਹੁ ਸੰਖਿਆ ਵਿਚ ਸੰਗੀਤਕਾਰ ਇਸ ਵਿਚ ਸ਼ੁੱਧ ਗੰਧਾਰ ਹੀ ਪ੍ਰਯੋਗ ਕਰਦੇ ਹਨ। ਇਹ ਪ੍ਰਭਾਤ ਕਾਲ ਦਾ ਰਾਗ ਹੈ। ਅਰਥਾਤ ਇਸ ਦੇ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਕਈ ਕਲਾਕਾਰ ਇਸ ਰਾਗ ਨੂੰ ਸਵੇਰ ਦਾ ਕਲਿਆਣ ਵੀ ਕਹਿੰਦੇ ਹਨ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਹੈ ਜਿਸ ਕਾਰਨ ਇਸ ਨੂੰ ਉਤ੍ਰਾਂਗ ਵਾਦੀ ਰਾਗ ਮੰਨਿਆ ਜਾਂਦਾ ਹੈ। ਬਿਲਾਵਲ ਰਾਗ ਦੀ ਜਾਤੀ ਬਾਰੇ ਵਿਦਵਾਨਾ ਵਿਚ ਕੁਝ ਮਤ ਭੇਦ ਹੈ। ਕਈ ਸੰਗੀਤਕਾਰ ਇਸ ਜਾਤੀ ਦੀ ਸੰਪੂਰਣ-ਸੰਪੂਰਣ ਮੰਨਦੇ ਹਨ ਕਈ ਸ਼ਾਡਵ-ਸੰਪੂਰਣ ਅਤੇ ਕਈ ਸ਼ਾਡਵ-ਵਕਰ ਸੰਪੂਰਣ। ਇਸ ਰਾਗ ਦੇ ਆਰੋਹ ਵਿਚ ਆਮ ਤੌਰ 'ਤੇ ਮੱਧਿਅਮ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਵਕਰ ਰੂਪ ਨਾਲ ਸੱਤ ਸੁਰ ਲਏ ਜਾਂਦ ਹਨ। ਇਸ ਕਾਰਣ ਇਸਦੀ ਜਾਤੀ ਸ਼ਾਡਵ-ਵਕਰ ਸੰਪੂਰਣ ਮੰਨਣਾ ਵਧੇਰੇ ਉੱਚਿਤ ਹੈ। ਇਸ ਰਾਗ ਦੇ ਆਰੋਹ ਵਿਚ ਕਈ ਵਾਰ ਨਿਸ਼ਾਦ ਸੁਰ ਦੀ ਵਕਰ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ ਜਿਵੇਂ: "ਪ ਪ ਧ ਨੀ ਧ ਸਾਂ"।

ਮੱਧਕਾਲ ਦੇ ਇਕ ਲੇਖਕ ਪੰਡਿਤ ਦਮੋਦਰ ਨੇ "ਸੰਗੀਤ ਦਰਪਣ" ਗਰੰਥ (1625 ਈ:) ਵਿਚ ਇਸ ਰਾਗ ਨੂੰ ਹਿੰਡੋਲ ਦੀ ਭਾਰਯਾ (ਇਸਤਰੀ) ਮੰਨਿਆ ਹੈ,

ਕਈਆਂ ਨੇ ਬਿਲਾਵਲ ਨੂੰ ਭੈਰਵ ਦਾ ਪੁਤਰ ਅਤੇ ਕਈਆਂ ਨੇ ਇਸ ਨੂੰ ਬਿਲਾਵਲੀ ਨਾਮ ਦੇ ਕੇ ਭੈਰਵ ਦੀ ਰਾਗਣੀ ਦਸਿਆ ਹੈ। ਇਨ੍ਹਾਂ ਹਵਾਲਿਆਂ ਤੋਂ ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ ਕਿ ਇਹ ਵਾਸਤਵਿਕਤਾ ਦੇ ਕਿੰਨੇ ਕੁ ਨਿਕਟ ਹਨ। ਗੁਰੂ ਸਾਹਿਬਾਨ ਨੇ ਉਸ ਸਮੇਂ ਦੀ ਪ੍ਰਚਲਿਤ "ਰਾਗ ਰਾਗਣੀ" ਪੱਧਤੀ ਦੇ ਔਝੜ ਪਾਉਣ ਵਾਲੇ ਮਤ ਮਤਾਂਤਰਾਂ ਤੋਂ ਗੁਰਮਤਿ ਦੇ ਸੰਗਤਾਚਾਰੀਆਂ ਨੂੰ ਸੁਚੇਤ ਕਰਨ ਜਾਂ ਉਨ੍ਹਾਂ ਦਾ ਪਥ ਪ੍ਰਦਰਸ਼ਨ ਕਰਨ ਲਈ ਗੁਰੂ ਗਰੰਥ ਸਾਹਿਬ ਵਿਚ ਇਸ ਰਾਗ ਨੂੰ "ਰਾਗ ਬਿਲਾਵਲੁ" ਰਾਗ ਨਾਲ ਨਿਵਾਜਿਆ ਹੈ। ਉਦਾਹਰਣ ਵਜੋਂ: ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧।" ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ "ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦਵ ਅਤੇ ਭਗਤ ਬਾਣੀ ਵਿਚ ਵੀ ਇਸ ਰਾਗ ਨੂੰ "ਬਿਲਾਵਲ" ਨਾਮ ਹੀ ਪ੍ਰਦਾਨ ਕੀਤਾ। ਇਹੋ ਨਹੀਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗੁਰ ਪਰੰਪਰਾ ਦਾ ਪਾਲਨ ਕਰਦਿਆਂ ਬਾਣੀ ਵਿਚ ਇਸ ਨੂੰ "ਰਾਗ ਬਿਲਾਵਲੁ" ਹੀ ਸਵੀਕਾਰਿਆ। ਜਿਵੇਂ "ਰਾਗੁ ਬਿਲਾਵਲੁ ਪਾਤਿਸ਼ਾਹੀ ੧੦॥" "ਸੋ ਕਿਮ ਮਾਨਸ ਰੂਪ ਕਹਾਏ।" ਆਦਿ।

ਸੋ, ਇਹ ਸਪਸ਼ਟ ਹੈ ਕਿ ਬਿਲਾਵਲੁ ਰਾਗ ਗੁਰਮਤਿ ਸੰਗੀਤ ਵਿਚ ਨਾ ਹਿੰਡੋਲੀ ਦੀ ਇਸਤਰੀ ਹੈ, ਅਤੇ ਨਾ ਹੀ ਭੈਰਵ ਦੀ ਰਾਗਣੀ ਅਤੇ ਨਾ ਹੀ ਇਹ ਭੈਰਵ ਦਾ ਪੁਤਰ ਸਗੋਂ ਇਕ ਸੁਤੰਤਰ ਰਾਗ ਹੈ।

ਆਰੋਹ : ਸਾ ਰੇ ਗ ਰੇ, ਗ ਪ, ਨੀਧ ਨੀ ਸਾਂ

ਅਵਰੋਹ : ਸਾਂਨੀ ਨੀ ਨੀ ਧ ਧ ਪ, ਮ ਗ, ਮ ਰੇ, ਸਾ।

ਮੁਖ ਅੰਗ : ਗ ਰੇ, ਗਪ, ਧ, ਨੀਸਾਂ ਜਾਂ
ਧ ਧ ਪ, ਧ ਗ, ਮਰੇ ਗਪ ਮਗ, ਮਰੇ ਸਾ।

## ਰਾਗ ਬਿਲਾਵਲ ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ, ਨ̣ੀ ਨ̣ੀ ਸਾ ਸ,ਾਰੇ ਨ̣ੀਸਾ, ਧ̣ ਧ̣ ਪ̣, ਧ̣ ਗ̣ ਮ̣ ਰੇ, ਮ̣ ਮ̣ ਗ̣ ਰੇ̣ ਗ̣ਪ̣, ਮ̣ ਗ̣ ਮ̣ ਰੇ ਗ̣ ਮ̣ ਰੇ̣ ਗ̣ ਪ̣ ਧ ਧ̣ ਨ̣ੀ, ਧ̣ਪ̣ ਧ̣ ਗ ਮ̣ਰੇ̣, ਗ̣ ਪ̣ ਧ̣ਧ̣ ਨ̣ੀ ਪ̣ ਪ̣ਨ̣ੀ, ਨ̣ੀਨ̣ੀਸਾ, ਪ̣ ਨ̣ੀਧ̣ ਨ̣ੀ ਸਾ ਸਾ ਰੇ, ਧ̣ ਨ̣ੀ ਸਾਰੇ ਨ̣ੀਸਾ ਰੇ, ਧ̣ ਧ̣ ਪ̣, ਪ̣ ਪ ਧ̣ਨ̣ੀ ਸਾਰੇ, ਸਾ ਰੇ ਸਾ ਸਾ ਰੇ ਰੇ ਗ, ਰੇਗ, ਸਾਰੇ ਨ̣ੀਸਾ, ਗ ਰੇਗ, ਸਾਸਾਗ ਮਰੇ ਸਾ ਨ̣ੀ ਨ̣ੀ ਰੇ ਸਾ।

2. ਸਾ ਸਾ ਗਰੇ ਗ, ਧ̣, ਧ̣ ਨ̣ੀ ਧ ਸਾ ਨ̣ੀ ਰੇ ਸਾਰੇ ਗ ਰੇ ਗ, ਗ ਗ ਗ ਰੇ ਸਾ ਰੇ ਰੇ ਸਾਨ̣ੀ, ਸਾ ਸਾ ਗ ਰੇਗ, ਸਾਗ ਰਗ ਮ ਗ ਮਰੇ, ਮ ਮ ਗਰੇ ਗਮ ਪ ਮ ਗ, ਗਮ ਰੇਗ ਪਮ ਗ, ਰੇ ਗ ਰੇ ਮ ਗਰੇ ਗਮ ਪ ਮਗ, ਸਾ ਗ ਰੇ ਗ ਪ ਪ ਮ ਗ, ਗਮ ਰੇ ਗ ਪਪ ਮਗ, ਗਮ ਧਧਪ, ਧ ਮ ਪਗ, ਮ ਰੇ, ਗ ਪ ਮ ਗ ਮ ਰੇ, ਰੇ ਗ ਗ ਗ ਪ ਧ ਪ ਮ ਗ ਮ ਰੇ, ਸਾ ਗ ਰੇ ਗ ਪ ਮ ਗ ਮ ਰ, ਮ ਗ, ਮ ਰੇ,ਸਾ, ਨ̣ੀ ਨ̣ੀ ਰੇ ਸਾ।

3. ਸਾਰੇ ਗ ਮ ਗਰੇ, ਗਪ ਧ ਧ ਪ, ਧ ਧ ਪਸ ਮਪ ਗਮ ਰੇਗ ਪ ਪ ਧਧਪ, ਗਪ ਧ ਧ ਨੀ, ਗ ਗ ਮ ਰੇ ਗ ਪ ਧ ਧ ਨੀ ਨੀ ਧਧਪਪ ਧ ਗ, ਮ ਰੇ, ਗ ਪ ਧ ਧ ਨੀ, ਪ ਪ ਧਨੀ ਸਾਂ, ਸਾਂਨੀ ਧ ਪ ਮ ਗ ਮਰੇ, ਗਪ ਧ, ਨੀਸਾਂ, ਗ ਪ ਧ ਨੀਸਾਂ, ਗ ਪ ਧ ਨੀ ਸਾਂਰੇਂ ਨੀਸਾਂ ਧ ਧ ਪ, ਧ ਗ, ਮ ਰੇ, ਗਪ ਧ, ਨੀਸਾਂ, ਗ ਪ ਧ ਨੀਸਾਂ ਰੇ, ਰੇ ਸਾਂਰੇ ਨੀਸਾਂ, ਧ ਧ ਪ, ਪ ਪ ਧਨੀਸਾਂ ਰੇਂ ਗਂ ਰੇਂ ਸਾਂ, ਸਾਂ ਸਾਂ ਗਂ, ਸਾਂ ਸਾਂ ਗ, ਸਾਂ ਗਂ ਰੇਂ ਗਂ ਮਂ ਮ ਗ, ਮ ਗ, ਮਰੇ, ਮ ਮ ਗ ਰੇ, ਗ ਮ ਪ ਮ ਗ, ਗ ਮ ਰੇ ਗ ਪ ਮ ਗ, ਮ ਗ, ਮ ਰੇ, ਸਾਂਰੇ ਨੀਸਾਂ, ਗਪ ਧ ਨੀਸਾਂ ਰੇ ਨੀਸਾਂ ਧ ਧ ਪ, ਗ ਮ ਰੇ ਗ ਪ ਮ ਗ, ਸਾਂ, ਧਪ ਧਗ ਮਰੇ, ਗ ਮਰੇ ਗ ਪ ਧ ਧ ਪਪ ਧ ਗ ਪਪ ਧ ਗ ਮਰੇ, ਗਮ ਰੇ ਗ ਪ ਮ ਗ, ਮ ਰੇ, ਸਾ, ਨ ਨੀ ਰ ਸਾ ।

## ਰਾਗ ਬਿਲਾਵਲ ਤਿੰਨ ਤਾਲ

ਸਥਾਈ :

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | ਮਗ | ਮ | ਧ | ਧ | ਪ | ਗਮ | ਰੇਗ | ਪ | ਮ |
| | | | | | | | ਕਰਿ | ਨਾ | s | ਦੁ | ਬਿ | ਲਾs | ss | ਵ | ਲੁ |
| ਗ | - | ਮਰੇ | - | ਸਾ | ਸਾ | ਮ | ਗ | - | ਪ | ਧ | ਪ | ਨੀ | ਧ | ਨੀ | ਨੀ |
| ਰਾ | s | ss | s | s | ਗੁ, | ਹਰਿ | | s | ਉ | ਤ | ਮੁ | ਹ | ਰਿ | ਪ | ਭੁ |
| ਸਾਂਰੇਂ | ਨੀਸਾਂ | ਧ | ਪ | ਗਮ | ਰੇਗ | ਸਾ | ਸਾ | ਸਾਰੇ | ਗਮ | ਗ | ਰੇ | ਗ | ਗ | ਪ | ਪ |
| ਗਾs | ss | s | ਵਿ | ਆs | ss, | ਉਪ | | ਦੇs | ss | ਸੁ | ਗੁ | ਰੂ | s | ਸੁਣਿ | |
| - | ਧ | ਗ | ਮ | ਗਮ | ਰੇਗ | ਪ | ਪ | ਪ | ਨੀ | ਧ | ਨੀ | ਸਾਂ | ਰੇਂ | ਸਾਂ | - |
| s | ਮੰ | sਨਿ | | ਆs | ss | ਧੁ | ਰਿ | ਮ | ਸ | ਤ | ਕਿ | ਪੂ | s | ਰਾ | s |
| ਧਨੀ | ਧੁਪ | ਧਨੀ | ਸਾਂਰੇਂ | ਸਾਂਨੀ | ਧਪ | | | | | | | | | | |
| ਭਾs | ss | ss | ss | ss | ਗਾs, | | | | | | | | | | |

ਅੰਤਰਾ :

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | ਪ | ਪ | ਪ | ਪ | ਪ | ਪ | ਨੀ | ਧ | ਨੀ | ਨੀ |
| | | | | | | ਸ | ਭ | ਦਿ | ਨ | ਸ | ਫੇ | s | ਣਿ | ਗੁ | ਣ |
| ਸਾਂ | ਸਾਂ | ਸਾਂਰੇਂ | ਨੀਸਾਂ | - | - | ਸਾਂ | ਸਾਂ | ਸਾਂ | ਗਂਰੇਂ | ਗਂ | ਮਂ | ਰੇਂ | ਰੇਂ | ਸਾਂ | ਸਾਂ |
| ਉ | ਚ | ਰੇs | ss | s | s | ਹ | ਰਿ | ਹ | ਰਿs | ਹ | ਰਿ | ਉ | ਰਿ | ਲਿ | ਵ |

ਸਰੇਂ ਨੀਸਾਂ ਧ ਧ ਪ ਪ ਪ ਪ ਸਾਂ ਨੀ ਧ ਪ ਗਮ ਰੇਗ ਪ ਮ

ਲਾs ss s s s ਗੁ, ਸ ਭ ਤ ਨੁ ਮ ਨੁ ਹs ਰਿs ਆ s

ਗ - ਮ ਰੇ ਸਾ - ਗ ਪ ਪ ਨੀ ਧ ਨੀ ਸਾਂ ਰੇਂ ਸਾਂ -

ਹੋ s s s ਇਆ s ਮਨੁ ਖਿੜ ਆ s ਹ ਰਿ ਆ s

ਗਪ ਧਨੀ ਸਾਂਰੇਂ ਸਾਂਨੀ ਧਪ ਮਗ

ਬਾs ss ss ss ss sਗੁ

ੴ ਸਤਿਗੁਰ ਪ੍ਰਸਾਦਿ ॥

## ਬਿਲਾਵਲੁ ਕੀ ਵਾਰ ਮਹਲਾ ੪

### ਸਲੋਕ ਮਹਲਾ ੪

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥

ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥

ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥

ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥ ੧ ॥

ਗੁ. ਗ੍ਰੰ. ਪੰਨਾ (੮੪੯)

**ਅਰਥ :—** ਹੇ ਭਾਈ ! (ਪਿਛਲੇ ਕੀਤੇ ਕਰਮਾਂ ਅਨੁਸਾਰ) ਜਿਸ ਮਨੁੱਖ ਦੇ ਮੱਥੇ ਉਤੇ ਧੁਰ ਤੋਂ ਹੀ ਪੂਰਨ ਭਾਗ ਹੈ, (ਜਿਸ ਦੇ ਹਿਰਦੇ ਵਿਚ ਪੂਰਨ ਭਲੇ ਸੰਸਕਾਰਾਂ ਦਾ ਲੇਖ ਉੱਘੜਦਾ ਹੈ) ਉਸ ਨੇ ਗੁਰੂ ਦਾ ਸ਼ਬਦ-ਰੂਪ ਬਿਲਾਵਲ ਰਾਗ ਉਚਾਰ ਕੇ ਸਭ ਤੋਂ ਸ੍ਰੇਸ਼ਟ ਪਰਮਾਤਮਾ ਦੇ ਗੁਣ ਗਾਏ ਹਨ, ਉਸ ਨੇ ਸਤਿਗੁਰੂ ਦਾ ਉਪਦੇਸ਼ ਸੁਣ ਕੇ ਹਿਰਦੇ ਵਿਚ ਵਸਾਇਆ ਹੈ ।

ਉਹ ਮਨੁੱਖ ਸਾਰਾ ਦਿਨ ਤੇ ਸਾਰੀ ਰਾਤ (ਅੱਠੇ ਪਹਿਰ) ਪਰਮਾਤਮਾ ਦੇ ਗੁਣ ਗਾਂਦਾ ਹੈ (ਕਿਉਂਕਿ ਉਸ ਦੇ) ਹਿਰਦੇ ਵਿਚ ਪਰਮਾਤਮਾ ਦੀ ਯਾਦ ਦੀ ਲਗਨ ਲੱਗੀ ਰਹਿੰਦੀ ਹੈ । ਉਸ ਦਾ ਸਾਰਾ ਤਨ ਸਾਰਾ ਮਨ ਹਰਾ-ਭਰਾ ਹੋ ਜਾਂਦਾ ਹੈ (ਆਤਮਕ ਜੀਵਨ ਦੇ ਰਸ ਨਾਲ ਭਰ ਜਾਂਦਾ ਹੈ), ਉਸ ਦਾ ਮਨ (ਇਉਂ) ਖਿੜ ਪੈਂਦਾ ਹੈ (ਜਿਵੇਂ) ਹਰਾ ਹੋਇਆ ਬਾਗ ਹੈ ।

ਗੁਰੂ ਦੀ ਦਿੱਤੀ ਹੋਈ ਆਤਮਕ ਜੀਵਨ ਦੀ ਸੂਝ (ਉਸ ਦੇ ਅੰਦਰ, ਮਾਨੋ) ਦੀਵਾ ਰੌਸ਼ਨੀ ਕਰ ਦੇਂਦਾ ਹੈ (ਜਿਸ ਦੀ ਬਰਕਤ ਨਾਲ ਉਸ ਦੇ ਅੰਦਰੋਂ) ਆਤਮਕ ਜੀਵਨ ਵਲੋਂ ਬੇ-ਸਮਝੀ (ਦਾ) ਹਨੇਰਾ ਮਿਟ ਜਾਂਦਾ ਹੈ । ਹੇ ਹਰੀ ! (ਤੇਰਾ) ਦਾਸ ਨਾਨਕ (ਅਜਿਹੇ ਗੁਰਮੁਖ ਮਨੁੱਖ ਨੂੰ) ਵੇਖ ਕੇ ਆਤਮਕ ਜੀਵਨ ਹਾਸਲ ਕਰਦਾ ਹੈ (ਤੇ, ਚਾਹੁੰਦਾ ਹੈ ਕਿ) ਭਾਵੇਂ ਇਕ ਪਲ-ਭਰ ਹੀ ਉਸ ਦਾ ਦਰਸ਼ਨ ਹੋਵੇ । ੧ ।

# "ਬਾਣੀ ਸਾਡੇ ਹਿਰਦੇ ਤੇ ਲਿਖੀ ਹੋਈ ਹੈ"

## (ਪਾਕਿਸਤਾਨ ਤੋਂ ਆਏ ਪ੍ਰਸਿੱਧ ਰਬਾਬੀ ਭਾਈ ਲਾਲ ਨਾਲ ਦੋ ਗੱਲਾਂ)

=ਰਘਬੀਰ ਸਿੰਘ ਨਵੀਨ

ਪਾਕਿਸਤਾਨੀ ਰਬਾਬੀ ਰਾਗੀ ਆਸ਼ਿਕ ਅਲੀ ਭਾਈ ਲਾਲ ਜੀ, ਜੋ ਕਿ ਭਾਈ ਮਰਦਾਨਾ ਜੀ ਦੀ 17ਵੀਂ ਵੰਸ ਹਨ, ਅੱਜ ਕਲ੍ਹ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ ਦੇ ਵਿਸ਼ੇਸ਼ ਸੱਦੇ ਤੇ ਆਪਣੇ ਤਿੰਨ ਸਾਥੀਆਂ ਸਮੇਤ ਫ਼ਿਰੋਜ਼ਪੁਰ ਸ਼ਹਿਰ ਵਿਖੇ ਆਏ ਹੋਏ ਹਨ। ਪੇਸ਼ ਹੈ ਉਨ੍ਹਾਂ ਨਾਲ ਹੋਈ ਇਕ ਵਿਸ਼ੇਸ਼ ਭੇਟ ਵਾਰਤਾ।

? ਭਾਈ ਲਾਲ ਜੀ ਆਪ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ ?

**ਜਵਾਬ:**-ਮੇਰਾ ਜਨਮ ਸ੍ਰੀ ਗੋਇੰਦਵਾਲ ਸਾਹਿਬ ਵਿਖੇ 1929 ਵਿਚ ਹੋਇਆ ਅਤੇ ਅਤੇ ਮੇਰੇ ਵਾਲਿਦ ਸਾਹਿਬ ਜੀ ਦਾ ਨਾਮ ਰਹਿਮਤ ਅਲੀ ਉਰਫ਼ ਭਾਈ ਰਹਿਮੂ ਸੀ, ਜੋ ਗੁਰੂ ਘਰ ਦੇ ਕੀਰਤਨੀਏ ਸਨ।

? ਆਪ ਜੀ ਨੂੰ ਕੀਰਤਨ ਦੀ ਲਗਨ ਕਦੋਂ ਅਤੇ ਕਿਵੇਂ ਲੱਗੀ ?

**ਜਵਾਬ:**-ਕੀਰਤਨ ਕਰਨ ਦੀ ਪ੍ਰਥਾ ਤਾਂ ਸਾਡੇ ਪੂਰਵਜਾਂ ਤੋਂ ਚਲੀ ਆ ਰਹੀ ਹੈ। ਸੋ ਕੀਰਤਨ ਕਰਨ ਦੀ ਦਾਤ ਮੈਨੂੰ ਆਪਣ ਵਾਲਿਦ ਸਾਹਿਬ ਤੋਂ ਮਿਲੀ। 1940 ਵਿਚ ਮੈਂ ਪ੍ਰਾਇਮਰੀ ਪਾਸ ਕੀਤੀ ਅਤੇ ਮੇਰੇ ਵਾਲਿਦ ਸਾਹਿਬ ਮੈਨੂੰ ਅੰਮ੍ਰਿਤਸਰ ਵਿਚ ਪ੍ਰ: ਭਾਈ ਘਸੀਟਾ ਜੀ ਨੇ ਮੈਨੂੰ ਵਾਜਾ ਵਜਾਉਣਾ ਸਿਖਾਇਆ ਅਤੇ ਸ਼ਬਦ ਕੀਰਤਨ ਦੀ ਜਾਚ ਦੱਸੀ। ਇਸ ਦੌਰਾਨ ਮੇਰੀ ਰਿਹਾਇਸ਼ ਗੁਰੂ ਘਰ ਦੇ ਪ੍ਰਸਿਧ ਕੀਰਤਨੀਏ ਭਾਈ ਚਾਂਦ ਦੇ ਘਰ ਸੀ ਭਾਈ ਚਾਂਦ ਜੀ ਰੋਜ਼ਾਨਾ ਖ਼ੂਬ ਰਿਆਜ਼ ਕਰਦੇ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਦੇ ਸਨ। ਇਸ ਤੋਂ ਇਲਾਵਾ ਮੇਰੇ ਉਸਤਾਦ ਭਾਈ ਰਮਜ਼ਾਨ ਜੀ (ਪਿਸ਼ਾਵਰ) ਹਨ, ਜੋ ਕਿ ਗੁਰੂ ਘਰ ਦੇ ਕੀਰਤਨੀਏ ਸੱਦੇ-ਮੱਦੇ ਦੇ ਵੰਸ਼ਜ ਹਨ ਮੈਂ ਉਸਤਾਦ ਜੀ ਕੋਲੋਂ ਕਰੀਬ 2 ਸਾਲ ਕੀਰਤਨ ਕਰਨ ਦੀ ਸਿਖਿਆ ਲਈ।

? ਹੁਣ ਤਕ ਭਾਰਤ ਵਿਚ ਕਿਹੜੀ ਕਿਹੜੀ ਥਾਂ ਕੀਰਤਨ ਕਰ ਚੁਕੇ ਹੋ ?

**ਜਵਾਬ:**-ਦਰਅਸਲ ਕੀਰਤਨ ਕਰਨ ਦੀ ਸ਼ੁਰੂਆਤ ਮੈਂ ਗੋਇੰਦਵਾਲ ਸਾਹਿਬ ਤੋਂ ਹੀ ਕੀਤੀ ਸੀ। ਫਿਰ ਪਾਕਿਸਤਾਨ ਬਣਨ ਤੋਂ ਬਾਅਦ ਮੈਂ ਭਾਰਤ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਸਹਾਰਨਪੁਰ, ਲਖਨਊ, ਕਾਨਪਰ, ਰਾਂਚੀ, ਧਨਵਾਦ, ਪਟਨਾ ਅਤੇ ਬੰਬਈ ਵਿਚ ਕੀਰਤਨ ਕਰ ਚੁਕਿਆ ਹਾਂ। ਹੁਣ ਫਿਰੋਜ਼ਪੁਰ ਆਉਣ ਤੋਂ ਪਹਿਲਾਂ ਮੈਂ ਆਖ਼ਰੀ ਵਾਰ ਭਾਰਤ ਵਿਚ 1982 ਵਿਚ ਦਿਲੀ ਆਇਆ ਸਾਂ ਪਿਛਲੇ 10-12 ਸਾਲਾਂ ਤੋਂ ਭਾਰਤੀ ਪੰਜਾਬ ਦੇ ਹਾਲਾਤ ਠੀਕ ਨਾ ਹੋਣ ਕਰਕੇ ਇਧਰ ਆਉਣ ਦਾ ਸਬੱਬ ਨਹੀਂ ਬਣਿਆ। ਹੁਣ ਸ੍ਰ. ਹਰਪਾਲ ਸਿੰਘ ਭੁੱਲਰ, ਪ੍ਰਧਾਨ, ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕਮੇਟੀ ਦੇ ਸੱਦੇ ਤੇ ਮੈਂ ਆਪਣੇ ਸਾਥੀਆਂ ਸਮੇਤ ਫ਼ਿਰੋਜ਼ਪੁਰ ਆਇਆ

ਹਾਂ। ਮੈਂ ਭੁੱਲਰ ਜੀ ਦਾ ਤਹਿ ਦਿਲੋਂ ਮਸ਼ਕੂਰ ਹਾਂ ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਭਾਰਤ ਆਉਣ ਦਾ ਮੌਕਾ ਬਣਿਆ।

? ਭਾਈ ਸਾਹਿਬ, ਐਨੀ ਮੁੱਦਤ ਤੋਂ ਕੀਰਤਨ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਤੁਸੀਂ ਸਿੱਖੀ ਲਿਬਾਸ ਧਾਰਨ ਕਿਉਂ ਨਹੀਂ ਕੀਤਾ ?

**ਜਵਾਬ**:-ਧਰਮ ਤੋਂ ਅਸੀਂ ਮੁਸਲਮਾਨ ਹਾਂ। ਮੁਸਲਿਮ ਧਰਮ ਦੀਆਂ ਰਹ ਰੀਤਾਂ ਵੀ ਪੂਰੀਆਂ ਕਰਦੇ ਹਾਂ। ਸਿੱਖ ਧਰਮ ਨਾਲ ਸਾਡਾ ਪ੍ਰੇਮ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੈ। ਪਾਕਿਸਤਾਨ 'ਚ ਰਹਿ ਰਹੇ ਹੋਣ ਕਰਕੇ ਸਾਡੇ ਲਈ ਸਿੱਖ ਧਰਮ ਧਾਰਨ ਕਰਨਾ ਮੁਸ਼ਕਿਲ ਹੈ। ਦਿਲੋਂ ਅਸੀਂ ਗੁਰਬਾਣੀ ਨਾਲ ਪ੍ਰੇਮ ਕਰਦੇ ਹਾਂ ਅਤੇ ਇਸ ਨੂੰ ਅੱਲਾ ਤਾਲਾ ਦਾ ਪੈਗ਼ਾਮ ਸਮਝਦੇ ਹਾਂ। ਕੀਰਤਨ ਸ਼ੁਰੂ ਕਰਨ ਲਗਿਆ ਸਾਨੂੰ ਸ਼ਬਦ ਯਾਦ ਨਹੀਂ ਕਰਨਾ ਪੈਂਦਾ ਸਗੋਂ ਸਤਿਗੁਰੂ ਦੀ ਬਖ਼ਸ਼ਿਸ਼ ਸਦਕਾ ਸਾਨੂੰ ਧੁਰ ਅੰਦਰੋਂ ਰਹਿਨੁਮਾਈ ਮਿਲਦੀ ਹੈ।

? ਭਾਈ ਸਾਹਿਬ, ਕੀ ਤੁਸੀਂ ਕੀਰਤਨ ਨਿਰਧਾਰਤ ਰਾਗਾਂ ਵਿਚ ਹੀ ਕਰਦੇ ਹੋ ?

**ਜਵਾਬ** : ਜੀ, ਸਾਡੀ ਇਹ ਕੋਸ਼ਿਸ਼ ਹੁੰਦੀ ਹੈ। ਪਰ ਨਿਰਧਾਰਤ ਰਾਗਾਂ ਤੋਂ ਇਲਾਵਾ ਹੋਰਨਾਂ ਰਾਗਾਂ ਵਿਚ ਅਤੇ ਸੰਗਤ ਦੀ ਮੰਗ ਨੂੰ ਮੁਖ ਰਖਦਿਆਂ ਪ੍ਰਚਲਿਤ ਧਾਰਨਾਵਾਂ ਤੇ ਵੀ ਕੀਰਤਨ ਕਰਦੇ ਹਾਂ।

? ਕੀ ਤੁਸੀਂ ਪੰਜਾਬੀ ਬੋਲਣ ਤੋਂ ਇਲਾਵਾ, ਪੜ੍ਹਨਾ ਲਿਖਣਾ ਵੀ ਜਾਣਦੇ ਹੋ ?

**ਜਵਾਬ** : ਜੀ ਹਾਂ ! ਮੈਂ ਆਪਣੀ ਰਿਹਾਇਸ਼ਗਾਹ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਇਸ ਦੇ ਇਲਾਵਾ ਸ਼ਬਦ ਕੀਰਤਨ ਦੇ ਦੌਰਾਨ ਢੁਕਵੇਂ ਪ੍ਰਮਾਣ ਦੇਣ ਲਈ ਧਰਮ ਅਤੇ ਇਤਿਹਾਸ ਨਾਲ ਸਬੰਧਤ ਪੰਜਾਬੀ ਦੀਆਂ ਬਹੁਤ ਸਾਰੀਆਂ ਕਿਤਾਬਾਂ ਵੀ ਰਖੀਆਂ ਹੋਈਆਂ ਹਨ।

? ਇਸਲਾਮ ਵਿਚ ਗੈਰ-ਧਰਮ ਦੀ ਬਾਣੀ ਪੜ੍ਹਨ ਵਾਲੇ ਨੂੰ ਕਾਫਿਰ ਕਿਹਾ ਜਾਂਦਾ ਹੈ ਇਸ ਸਬੰਧ ਵਿਚ ਤੁਹਾਡੇ ਮੁਲਕ ਦੇ ਲੋਕਾਂ ਦਾ ਤੁਹਾਡੇ ਪ੍ਰਤੀ ਕੀ ਰਵਈਆ ਹੈ ?

**ਜਵਾਬ** : ਅਸੀਂ ਪੁਸ਼ਤ ਦਰ ਪੁਸ਼ਤ ਗੁਰੂ ਘਰ ਦੀ ਸੇਵਾਂ ਕਰ ਰਹੇ ਹਾਂ ਪਰ ਸਾਨੂੰ ਕਦੀ ਅਜਿਹੀ ਦਿੱਕਤ ਪੇਸ਼ ਨਹੀਂ ਆਈ। ਸਾਡੇ ਪਾਕਿਸਤਾਨੀ ਵੀਰ ਹੋਰਨਾਂ ਵਾਂਗਰ ਹੀ ਸਾਡਾ ਮਾਨ ਸਤਿਕਾਰ ਕਰਦੇ ਹਨ। ਇਸ ਤੋਂ ਇਲਾਵਾ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਬਹੁਤ ਸਾਰੇ ਪਾਕਿਸਤਾਨੀ ਵੀਰ ਵੀ ਗੁਰੂ ਨਾਨਕ ਸਾਹਿਬ ਨੂੰ ਪੈਗੰਬਰ ਕਰ ਕੇ ਸਤਿਕਾਰਦੇ ਹਨ।

(ਚਲਦਾ)